ਜਨਵਰੀ 1987
ਮੁੱਲ—ਦੋ ਰੁਪਏ

80

ਇਸ ਅੰਕ ਵਿਚ :


- ਇਨਕਲਾਬੀ ਏਕਤਾ ਕੇਂਦਰ (ਪੰਜਾਬ) ਦਾ ਪੰਜਾਬ ਦੇ ਮਸਲੇ ਬਾਰੇ ਦਸਤਾਵੇਜ਼—
- ਸੰਪਾਦਕੀ ਟਿਪਣੀਆਂ
- ਇਪਾਨਾ (ਕੈਨੇਡਾ) ਦਾ ਪੰਜਾਬ ਮੱਸਲੇ ਬਾਰੇ ਇਕ ਵਿਚਾਰ
- ਪ੍ਰਸਿਧ ਬੰਗਾਲੀ ਕਹਾਣੀ **ਉਪਰੇਸ਼ਨ ਜੋਨਾਕੀ**
- ਪਾਠਕ ਲੇਖਕ ਫੋਰਮ ਵਿਚ ਪਾਲ ਸਿੰਘ ਦੀ ਇਕ ਚਿੱਠੀ।


**ਸੰਪਾਦਕੀ :**

## ਪੰਜਾਬ ਦਾ ਮੱਸਲਾ ਫੌਰੀ ਹੱਲ ਮੰਗਦਾ ਹੈ :

ਇਹ ਮੱਸਲਾ ਸਿਆਸੀ ਹੱਲ ਮੰਗਦਾ ਹੈ, ਪਰ ਸਿਆਸੀ ਤੋਂ ਇਹ ਮਤਲਬ ਨਹੀਂ ਕਿ ਇਸ ਨੂੰ ਕਾਂਗਰਸ ਅਤੇ ਅਕਾਲੀਆਂ ਦੀ ਸੌੜੀ ਸਿਆਸਤ ਦੀਆਂ ਗਿਣਤੀਆਂ ਮਿਣਤੀਆਂ ਦਾ ਸ਼ਿਕਾਰ ਰਹਿਣ ਦਿਤਾ ਜਾਏ। ਪੰਜਾਬ ਸਮਝੌਤੇ ਦਾ ਜੋ ਹਸ਼ਰ ਹੋਇਆ ਹੈ, ਉਹ ਸਿੱਧ ਕਰਦਾ ਹੈ ਕਿ ਜੋ ਵੀ ਸਮਝੌਤਾ ਲੋਕਾਂ ਦੀ ਪਿੱਠ ਪਿਛੇ ਅੱਧੀ ਰਾਤ ਦੇ ਹਨੇਰੇ ਵਿਚ ਸਾਜ਼ਸ਼ੀ ਤਰੀਕੇ ਨਾਲ ਕੀਤਾ ਜਾਂਦਾ ਹੈ, ਉਹ ਕਦੀ ਵੀ ਸਿਰੇ ਨਹੀਂ ਚੜ੍ਹਦਾ। ਉਸ ਸਮਝੌਤੇ ਵਿਚ ਨਾਂ ਤਾਂ ਪੰਜਾਬ ਦੀਆਂ ਹੋਰ ਧਿਰਾਂ ਨੂੰ ਅਤੇ ਨਾ ਹੀ ਹਰਿਆਣਾ ਅਤੇ ਰਾਜਿਸਥਾਨ ਦੀਆਂ ਧਿਰਾਂ ਨੂੰ ਵਿਸ਼ਵਾਸ ਵਿਚ ਲਿਆ ਗਿਆ ਤੇ ਨਾ ਹੀ ਕਿਸੇ ਮੱਦ ਉਤੇ ਕੋਈ ਸਪੱਸ਼ਟ ਫੈਸਲਾ ਲਿਆ ਗਿਆ, ਸਗੋਂ ਹਰ ਗਲ ਕਮਿਸ਼ਨਾਂ ਉਤੇ ਹੀ ਸੁੱਟ ਦਿਤੀ ਗਈ।

ਹੁਣ ਬਹੁਤ ਸਾਰਾ ਪਾਣੀ ਪੁੱਲ ਥਲਿਓਂ ਲੰਘ ਚੁੱਕਿਆ ਹੈ। ਸਮਝੌਤੇ ਦੇ ਬਾਅਦ ਹੁਣ ਤੱਕ ਪੰਜਾਬੀ ਮਾਂਵਾਂ ਦੇ 987 ਧੀਆਂ ਪੁੱਤ ਆਪਣੀਆਂ ਜਾਨਾਂ ਗਵਾ ਬੈਠੇ ਹਨ ਤੇ ਇਹ ਗਿਣਤੀ ਹਰ ਦਿਨ ਵਧਦੀ ਜਾ ਰਹੀ ਹੈ। ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਨੂੰ ਇਸ ਗੱਲ ਦਾ ਕੋਈ ਫਿਕਰ ਨਹੀਂ ਲੱਗਦਾ। ਉਹਨਾਂ ਕੋਲ ਇਸ ਮਸਲੇ ਦਾ ਇਕੋ ਹੱਲ ਲਗਦਾ ਹੈ ਕਿ ਪੁਲੀਸ, ਫੌਜੀ ਅਤੇ ਨੀਮ ਫੌਜੀ ਜਬਰ ਨੂੰ ਪੰਜਾਬ ਦੇ ਲੋਕਾਂ ਉਤੇ ਲਾਗੂ ਕਰ ਦੇਵੋ। ਉਹਨਾਂ ਦੇ ਹੋਰ ਇਕ ਜਮਹੂਰੀ ਹੱਕ ਖੋਹ ਲਵੋ, ਪਰ ਮੱਸਲੇ ਦੀ ਜੜ੍ਹ ਨੂੰ ਛੇੜੋ ਤੱਕ ਨਾ। ਭਾਰਤੀ ਪਾਰਲੀਮੈਂਟ ਅਤੇ ਪੰਜਾਬ ਅਸੈਂਬਲੀ ਦੀਆਂ ਸਾਰੀਆਂ ਕਾਰਵਾਈਆਂ ਦੱਸਦੀਆਂ ਹਨ ਕਿ ਇਕ ਵੀ ਠੋਸ ਸੁਝਾਅ ਕਿਸੇ ਇਕ ਮੈਂਬਰ ਵਲੋਂ ਨਹੀਂ ਆਇਆ। ਇਕੋ ਹੀ ਰੱਟ ਕਿ ਦੇਸ਼ ਦੀ ਏਕਤਾ ਨੂੰ ਹਰ ਹਾਲਤ ਵਿਚ ਬਚਾਇਆ ਜਾਏਗਾ, ਭਾਵੇਂ ਕਿੰਨੀ ਹੀ ਸਖਤੀ ਕਰਨੀ ਪਵੇ। ਹਾਲੇ ਕੋਈ ਸਖਤੀ ਦੀ ਕਸਰ ਰਹਿ ਗਈ ਏ ? ਫੌਜਾਂ ਵੀ ਚੜ੍ਹਾ ਕੇ ਦੇਖ ਲਈਆਂ, ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਨੂੰ

ਮਰਵਾ ਕੇ ਜਾਂ ਜੇਲ੍ਹਾਂ ਵਿਚ ਸੁੱਟ ਕੇ ਵੀ ਵੇਖ ਲਿਆ ਕਿ ਇਹ ਇਸ ਮਸਲੇ ਦਾ ਹੱਲ ਨਹੀਂ। ਅਜੋਕੀ ਸਥਿਤੀ ਵਿਚ ਹੱਲ ਇਕੋ ਹੈ ਕਿ ਸਾਰੀਆਂ ਧਿਰਾਂ ਦੀ ਗੋਲਮੇਜ਼ ਕਾਨਫਰੰਸ ਬੁਲਾਈ ਜਾਏ ਜਿਸ ਵਿਚ ਸਿੱਖਾਂ ਦੀਆਂ ਸਾਰੀਆਂ ਧਿਰਾਂ, ਪੰਜਾਬ ਦੇ ਹਿੰਦੂਆਂ ਦੀਆਂ ਸਾਰੀਆਂ ਧਿਰਾਂ, ਪੰਜਾਬ ਦੀਆਂ ਉਹ ਜਮਹੂਰੀ ਧਿਰਾ ਜਿਨ੍ਹਾਂ ਨੇ ਸਿਰ ਧੱੜ ਦੀ ਬਾਜ਼ੀ ਲਗਾਕੇ ਇਕ ਨਿਰਪੱਖ ਸਟੈਂਡ ਲੈ ਕੇ ਪੰਜਾਬ ਦੀ ਧਰਤੀ ਨੂੰ ਫਿਰਕੂ ਨਫਰਤ ਤੋਂ ਬਚਾਕੇ ਰੱਖਿਆ, ਹਰਿਆਣਾ ਅਤੇ ਰਾਜਸਥਾਨ ਦੀਆਂ ਧਿਰਾਂ, ਪੰਜਾਬ ਤੋਂ ਬਾਹਰ ਦਿੱਲੀ, ਕਾਨਪੁਰ, ਬੰਬਈ ਆਦਿਕ ਸਿਖਾਂ ਦੀਆਂ ਧਿਰਾਂ ਸੱਤਾਧਾਰੀ ਅਤੇ ਗ਼ੈਰਸੱਤਾਧਾਰੀ ਰਾਸ਼ਟਰੀ ਪੱਧਰ ਦੇ ਆਗੂ ਸ਼ਾਮਲ ਕੀਤੇ ਜਾਣ ਅਤੇ ਇਕ ਨਵਾਂ ਸਮਝੌਤੇ ਦੀ ਰੂਪ ਰੇਖਾ ਤਿਆਰ ਕੀਤੀ ਜਾਏ। ਇਸ ਸਮਝੌਤੇ ਦਾ ਹਰ ਮੱਦ ਬਿਲਕੁਲ ਸਪੱਸ਼ਟ ਹੋਵੇ ਤੇ ਲੈਣ ਦੇਣ ਕਰਕੇ ਹਰ ਇਕ ਧਿਰ ਦੀ ਵੱਧ ਤੋਂ ਵੱਧ ਸੰਤੁਸ਼ਟੀ ਕਰਵਾਉਣ ਦਾ ਯਤਨ ਹੋਵੇ। ਗੋਲਮੇਜ਼ ਉਤੇ ਖਾਲਿਸਤਾਨੀ ਅਨਸਰ ਨੂੰ ਇਹ ਅਹਿਸਾਸ ਕਰਵਾਇਆ ਜਾਏ ਕਿ ਪੰਜਾਬ ਦੀ ਜੋ ਜੁਗਰਾਫਾਈ ਸਥਿਤੀ ਹੈ ਤੇ ਪੰਜਾਬ ਦੀ ਵਸੋਂ ਦੀ ਜੋ ਬਣਤਰ ਹੈ, ਤੇ ਸਿੱਖਾਂ ਦੇ ਪੰਜਾਬ ਦੇ ਬਾਹਰ ਜੋ ਹਿੱਤ ਹਨ, ਇਸ ਅਨੁਸਾਰ ਖਾਲਿਸਤਾਨ ਬਣਾਏ ਜਾਣ ਦੀ ਕੋਈ ਸੰਭਾਵਨਾ ਨਹੀਂ, ਪਰ ਇਕ ਐਸੇ ਫੈਡਰੈਲ ਪ੍ਰਬੰਧ ਦੀ ਜ਼ਰੂਰ ਸੰਭਾਵਨਾ ਹੈ, ਜਿਸ ਅਨੁਸਾਰ ਹਰ ਕਮਿਊਨਿਟੀ ਦੇ ਧਰਮ ਅਤੇ ਸਭਿਆਚਾਰ ਦੀ ਰਾਖੀ ਦੀ ਗਰੰਟੀ ਦਿਤੀ ਜਾ ਸਕਦੀ ਹੈ। ਖਾਲਿਸਤਾਨੀ ਅਨਸਰ ਜੇਕਰ ਇਸ ਪੇਸ਼ਕਸ਼ ਨੂੰ ਨਹੀਂ ਮੰਨਦਾ ਜਾਂ ਗੋਲਮੇਜ਼ ਕਾਨਫਰੰਸ ਤੇ ਨਹੀਂ ਆਉਂਦਾ, (ਸ਼ਰਤ ਹੈ ਕਾਨਫਰੰਸ ਵਿਚ ਆਉਣ ਲਈ ਉਹਨਾਂ ਦੀ ਰਾਖੀ ਦੀ ਪੂਰੀ ਗਰੰਟੀ ਦਿਤੀ ਜਾਏ ਕਿ ਉਹਨਾਂ ਨੂੰ ਕਿਸੇ ਕੇਸ ਵਿਚ ਗ੍ਰਿਫਤਾਰ ਨਹੀਂ ਕੀਤਾ ਜਾਏਗਾ) ਤਾਂ ਉਹਨਾਂ ਨੂੰ ਲੋਕਾਂ ਦੀ ਸੱਥ ਵਿਚ ਖੜਾ ਕੀਤਾ ਜਾਏ। ਹੁਣ ਹਕੀਕਤ ਇਹ ਹੈ ਕਿ ਭਾਵੇਂ ਸਾਰੇ ਲੋਕ ਉਹਨਾਂ ਦੀਆਂ ਕਾਰਵਾਈਆਂ ਤੋਂ ਤੰਗ ਹਨ, ਪਰ ਵੱਡੇ ਪੱਧਰ ਤੇ ਸਿਖ ਕਮਿਊਨਿਟੀ ਵਿਚ ਉਹਨਾਂ ਲਈ ਇਕ ਲੁੱਕਵੀ ਹਮਦਰਦੀ ਹੈ ਜੋ ਅਸਲ ਵਿਚ ਇਸ ਕਮਿਊਨਿਟੀ ਦੀ ਕੇਂਦਰੀ ਸਰਕਾਰ ਪ੍ਰਤੀ ਬੇਵਿਸ਼ਵਾਸੀ ਹੈ। ਭਾਵੇਂ, ਰਾਜੀਵ ਅਤੇ ਉਹਦੀ ਸਰਕਾਰ 'ਅਤਿਵਾਦ ਨੂੰ ਕੁਚਲਣ' ਦੀ ਆਪਣੀ ਵਚਨਬੱਧੀ ਨੂੰ ਰੋਜ਼ ਦੁਹਰਾਂਦੇ ਹਨ, ਪਰ ਵਿਚੋਂ ਉਹ ਜਾਣਦੇ ਹਨ ਕਿ ਉਹ ਇਸ ਵਿਚ ਕਾਮਯਾਬ ਨਹੀਂ ਹੋ ਸਕਣਗੇ, ਇਸ ਲਈ ਉਹ ਵਿਚੋਂ ਵਿਚ ਇਸ਼ਾਰੇ ਵੀ ਕਰਦੇ ਹਨ, ਪਰ ਝੂਠੇ ਵਕਾਰ ਕਰਕੇ ਖੁਲਕੇ ਗਲ ਨਹੀਂ ਕਰਦੇ। ਇਸ ਦੇ ਉਲਟ ਕੌਮੀ ਪ੍ਰੈਸ ਦਾ ਇਕ ਸ਼ਕਤੀਸ਼ਾਲੀ ਹਿੱਸਾ ਹੁਣ ਇਸ ਗਲਬਾਤ ਦੇ ਹੱਕ ਵਿਚ ਲੋਕ ਰਾਏ ਲਾਮਬੰਦ ਕਰ ਰਿਹਾ ਹੈ। ਇਸ ਪਖੋਂ ਹਿੰਦੋਸਤਾਨ ਟਾਈਮਜ਼ ਅਖਬਾਰ ਦੇ ਕੁਝ ਸੰਪਾਦਕੀ ਅਤੇ ਇਡੀਅਨ ਐਕਸ ਪ੍ਰੈਸ ਅਖਬਾਰ ਦੇ ਪਹਿਲੇ ਰਹਿ ਚੁੱਕੇ ਸੰਪਾਦਕ ਸ੍ਰੀ ਵਰਗੀਜ਼ ਦੇ ਲੇਖ ਤੇ ਨੈਸ਼ਨਲ ਪ੍ਰੈਸ ਵਿਚ ਛਪੀਆਂ ਅਣਗਿਣਤ ਚਿੱਠੀਆਂ ਜੀਂਦਾ ਜਾਗਦਾ ਸਬੂਤ ਹਨ। ਕੇਂਦਰ ਗ੍ਰਹਿਮੰਤਰੀ ਬੂਟਾ ਸਿੰਘ ਨੇ ਬਿਆਨ ਦਿਤਾ ਹੈ ਕਿ ਅਤਿਵਾਦੀ ਕਾਤਲਾਂ ਨਾਲ ਗਲਬਾਤ ਨਹੀਂ ਹੋ ਸਕਦੀ। ਨਹੀਂ ਹੋ ਸਕਦੀ ਤੇ ਨਾ ਕਰੋ, ਪਰ ਲੋਕ ਇਹ ਮੰਗ ਕਰਨ ਦਾ ਹੱਕ ਰਖਦੇ ਹਨ ਕਿ ਸਰਕਾਰ ਲੋਕਾਂ ਦੇ ਜਾਨੋਮਾਲ ਦੀ ਹਿਫਾਜ਼ਤ ਦੀ ਪੂਰੀ ਗਰੰਟੀ ਦੇਵੇ, ਜੇਕਰ ਉਹ ਇਹ ਗਰੰਟੀ ਨਹੀਂ ਦੇ ਸਕਦੀ ਅਤੇ ਇਕ ਵੀ ਬੇਦੋਸ਼ੀ ਜਾਨ ਦਾ ਨੁਕਸਾਨ ਹੁੰਦਾ ਹੈ, ਤਾਂ ਉਹ ਸਰਕਾਰ ਇਕ ਦਿਨ ਗੱਦੀ ਤੇ ਰਹਿਣ ਦੀ ਹੱਕਦਾਰ ਨਹੀਂ। ਇਹ ਪੱਖ ਤੋਂ ਕੇਂਦਰੀ ਅਤੇ ਪੰਜਾਬ ਸਰਕਾਰਾਂ ਦੋਨੋਂ ਦੋਸ਼ੀ ਹਨ। ਸਰਕਾਰੀ ਖਜ਼ਾਨੇ ਵਿਚੋਂ 20 ਹਜ਼ਾਰ ਜਾਂ ਇਕ ਲੱਖ ਮਰਨ ਵਾਲੇ ਦੇ ਰਿਸ਼ਤੇਦਾਰਾਂ ਨੂੰ ਸਹਾਇਤਾ ਦੇਣ ਨਾਲ ਇਹਨਾਂ ਸਰਕਾਰਾਂ ਦੀ ਜ਼ਿਮੇਵਾਰੀ ਨਹੀਂ ਮੁਕਦੀ।

ਗੁਰਸ਼ਰਨ ਸਿੰਘ

---

## ਜਮਹੂਰੀ ਲਾਮਬੰਦੀ

ਫਿਰਕੂ ਅਤੇ ਹਕੂਮਤੀ ਦਹਿਸ਼ਤਗਰਦਾਂ ਦੇ ਵਿਰੁੱਧ ਤਲਵਾੜਾ ਦੀਆਂ ਪੀਪਲਜ਼ ਡੈਮੋਕਰੇਟਕ ਫਰੰਟ ਅਤੇ ਹੋਰ ਅਵਾਮੀ ਜਥੇਬੰਦੀਆਂ ਨੇ ਤਿੰਨ ਮੌਕਿਆਂ ਤੇ, ਪਹਿਲੀਵਾਰ 28 ਅਕਤੂਬਰ ਤਲਵਾੜਾ ਵਿਚ ਬੈਂਕ ਡਕੈਤੀ ਵਿਚ ਤਿੰਨ ਬੈਂਕ ਮੁਲਾਜ਼ਮਾਂ ਦੇ ਮਾਰੇ ਜਾਣ ਵੇਲੇ, ਦੂਜੀ ਵਾਰ ਖੁੱਡਾ ਬੱਸ ਕਾਂਡ ਵੇਲੇ ਜਿਸ ਵਿਚ ਤਲਵਾੜਾ ਵਿਚ ਕੰਮ ਕਰ ਰਹੇ ਕਰਮਚਾਰੀ ਵੀ ਦਹਿਸ਼ਤਗਰਦਾਂ ਹਥੋਂ ਮਾਰੇ ਗਏ ਅਤੇ ਤੀਜੀ ਵਾਰ ਜਦੋਂ ਪੁਲਸ ਵਲੋਂ ਮੁਕੇਰੀਆਂ ਹਾਈਡਲ ਚੈਨਲ ਤੇ ਕੰਮ ਕਰਦੇ ਕਰਮਚਾਰੀਆਂ ਨੂੰ 'ਕੰਘੀ ਓਪਰੇਸ਼ਨ' ਵਿਚ ਤੰਗ ਕੀਤਾ ਗਿਆ, ਪਹਿਲਕਦਮੀ ਕਰਕੇ ਲੋਕ ਲਾਮਬੰਦੀ ਦੀਆਂ ਵਧੀਆ ਮਿਸਾਲਾਂ ਦਿਤੀਆਂ ਹਨ। ਜਮਹੂਰੀ ਸ਼ਕਤੀਆਂ ਦਾ ਫਰਜ਼ ਹੈ ਕਿ ਹਰ ਹਾਲਤ ਵਿਚ ਲੋਕ ਏਕਤਾ ਦੀ ਰਾਖੀ ਕਰਨ। ਗ.ਸ.

---

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ-ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ ਅਤੇ ਛਪਾਈ ਹਰਮੁਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰੇਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖਾਲਸਾ ਨਿਵਾਸ ਡਾ; ਖਾਲਸਾ ਕਾਲਜ, ਅੰਮ੍ਰਿਤਸਰ-143002 : ਸਾਲਾਨਾ ਚੰਦਾ: 15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 120 ਰੁ:

# ਪੰਜਾਬ ਸਮੱਸਿਆ ਬਾਰੇ ਇਨਕਲਾਬੀ ਏਕਤਾ ਕੇਂਦਰ ਦੀ ਪਹੁੰਚ

**ਪੰਜਾਬ** ਪਿਛਲੇ ਪੰਜ ਛੇ ਸਾਲਾਂ ਤੋਂ ਦੇਸ਼ ਅਤੇ ਵਿਦੇਸ਼ ਭਰ ਦੀ ਪ੍ਰੈਸ ਦੀਆਂ ਸੁਰਖੀਆਂ ਦਾ ਵਿਸ਼ਾ ਬਣਿਆ ਆ ਰਿਹਾ ਹੈ। ਕਈ ਭੈੜੀਆਂ ਹਵਾਵਾਂ ਪੰਜਾਬ ਤੋਂ ਦੀ ਲੰਘੀਆਂ ਅਤੇ ਪਤਾ ਨਹੀਂ ਅਜੇ ਕਿੰਨੀ ਕੁ ਦੇਰ ਹੋਰ ਲੰਘਣ। 1947 ਦੀ ਵੰਡ ਤੋਂ ਬਾਅਦ ਇਕ ਵਾਰ ਫੇਰ ਪੰਜਾਬ ਅੰਤਾਂ ਦੀ ਗਹਿਰੀ ਪੀੜ ਵਿਚ ਗੁਜ਼ਰ ਰਿਹਾ ਹੈ। **ਇਕ ਪਾਸੇ** ਹਕੂਮਤ ਨਿੱਤ ਨਵਾਂ ਜ਼ਾਬਰ 'ਤੋਹਫਾ' –ਕਾਲੇ ਕਾਨੂੰਨ ਅਤੇ ਆਰਡੀਨੈਂਸ–ਪਰੋਸਦੀ ਆ ਰਹੀ ਹੈ, **ਦੂਜੇ ਪਾਸੇ** ਜਨੂੰਨੀ ਦਹਿਸ਼ਤ ਨੇ ਲੋਕਾਂ 'ਚ ਡਰ ਅਤੇ ਸਹਿਮ ਦਾ ਮਾਹੌਲ ਬਣਾ ਰੱਖਿਆ ਹੈ। ਲੋਕਾਂ ਦੇ ਚਿਹਰੇ 'ਤੇ ਸੁਆਲ ਇਕ ਹੀ ਹੈ,–**ਆਖ਼ਰ ਇਹ ਕਦ ਤੱਕ ?**

ਦੇਸ਼ ਦੇ ਹਾਕਮਾਂ ਦੀ ਰਾਜਨੀਤੀ ਐਨੀ ਭ੍ਰਿਸ਼ਟ ਹੋ ਚੁੱਕੀ ਹੈ ਕਿ ਉਹ ਆਪਣੇ ਸਿਆਸੀ ਮੁਫਾਦਾਂ ਲਈ ਲੋਕਾਂ ਦੇ ਖੂਨ ਨਾਲ ਹੋਲੀ ਖੇਡਣ ਤੋਂ ਵੀ ਗੁਰੇਜ ਨਹੀਂ ਕਰਦੇ। ਪੰਜਾਬ ਦੇ ਲੋਕਾਂ ਦੀਆਂ ਕੁਝ ਜਮਹੂਰੀ ਸਮੱਸਿਆਵਾਂ ਸਨ। ਜੇ ਜਮਹੂਰੀ ਢੰਗ ਨਾਲ ਨਿਪਟਾ ਲਈਆਂ ਜਾਂਦੀਆਂ ਤਾਂ ਨਿਪਟਣੀਆਂ ਕੋਈ ਔਖੀਆਂ ਨਹੀਂ ਸਨ। ਪਰ ਸ਼ਾਤਰ ਹੁਕਮਰਾਨਾਂ ਨੇ ਆਪਣੀ ਸਿਆਸੀ ਸ਼ਤਰੰਜ ਦੀਆਂ ਅਜੇਹੀਆਂ ਚਾਲਾਂ ਚਲੀਆਂ ਕਿ ਤਾਣੀ ਉਲਝਾਉਂਦੇ ਹੀ ਗਏ। ਸੋ ਪੰਜਾਬ ਇਨ੍ਹਾਂ ਲੋਕ ਦੋਖੀ ਸਿਆਸਤ ਦਾਨਾਂ ਦੀ ਮਕਾਰ ਅਤੇ ਕੋਝੀ ਸਿਆਸਤ ਦਾ ਅਖਾੜਾ ਬਣਿਆ। ਦਰਅਸਲ ਦੇਸ਼ ਦੇ ਲੁਟੇਰੇ ਹਾਕਮ ਲੋਕਾਂ ਵਿਚ ਪਾਈ ਜਾ ਰਹੀ ਬੇਚੈਨੀ ਨੂੰ ਸਮੇਂ ਸਮੇਂ ਆਪਣੇ ਸੌੜੇ ਸਿਆਸੀ ਮਨੋਰਥਾਂ ਲਈ ਵਰਤਨ ਦੀ ਤਾਕ 'ਚ ਰਹਿੰਦੇ ਹਨ ਉਧਰ ਗੈਰ ਜਮਹੂਰੀ ਭਾਰਤੀ ਢਾਂਚਾ ਲਗਾਤਾਰ ਖੇਤਰੀ ਅਤੇ ਇਲਕਾਈ ਸਮੱਸਿਆਂ ਨੂੰ ਜਨਮ ਦੇ ਰਿਹਾ ਹੈ। ਪੰਜਾਬ ਸਮੱਸਿਆ ਵੀ ਇਸੇ ਗੈਰਜਮਹੂਰੀ ਢਾਂਚੇ ਚੋਂ ਪੈਦਾ ਹੋਈ ਜਿਹਨੂੰ ਹਾਕਮਾਂ ਨੇ ਆਪਣੇ ਸਿਆਸੀ ਮੁਫਾਦਾਂ ਲਈ ਵਰਤਿਆ।

**ਕਾਂਗਰਸ** ਪਾਰਟੀ ਨੇ ਤਾਂ ਜਦੋਂ ਤੋਂ ਸੱਤਾ ਹਥਿਆਈ ਹੈ ਇਕ ਹੀ ਨੀਤੀ ਅਪਣਾ ਰੱਖੀ ਹੈ 'ਤੁਸੀਂ ਲੜੋ ਅਸੀਂ ਰਾਜ ਕਰਾਂਗੇ।' ਸਾਰੇ ਖੇਤਰਾਂ ਵਿਚ ਹੀ ਇਸੇ ਨੀਤੀ ਦਾ ਇਜਹਾਰ ਲਗਾਤਾਰ ਦੇਖਣ ਨੂੰ ਮਿਲਦਾ ਹੈ। 1956 'ਚ ਰਾਜ੍ਹਾਂ ਦਾ ਜਦੋਂ ਭਾਸ਼ਾ ਦੇ ਆਧਾਰ 'ਤੇ ਪੁਨਰ ਗਠਨ ਕੀਤਾ ਗਿਆ ਤਾਂ ਪੰਜਾਬ ਨੂੰ ਪਹਿਲਾਂ ਵਿਚਾਲੇ ਛੱਡ ਲਿਆ। ਪਰ ਪਿਛੋਂ ਜਦੋਂ ਲੋਕਾਂ 'ਚ ਜਬਰਦਸਤ ਰੋਹ ਉੱਠ ਖੜ੍ਹਿਆ ਤਾਂ–ਚੰਡੀਗੜ੍ਹ ਬਾਹਰ ਰੱਖ ਕੇ, ਭਾਸ਼ਾਈ ਆਧਾਰ 'ਤੇ ਵੰਡ ਮੁਕੰਮਲ ਨਾ ਕਰਕੇ, ਪਾਣੀਆਂ ਦੀ ਜਮਹੂਰੀ ਵੰਡ ਵਿਚਾਲੇ ਛੱਡ ਕੇ–ਰੇੜਕੇ ਵਾਲੇ ਮਸਲੇ ਫਸਾ ਲਏ ਅਤੇ ਆਪਣੇ ਜੱਦੀ ਗੈਰ ਜਮਹੂਰੀ ਚਰਿੱਤਰ ਦਾ ਇਜ਼ਹਾਰ ਕਰ ਦਿਖਾਇਆ। ਪਿਛੋਂ ਜਦੋਂ ਸਮੇਂ ਸਮੇਂ ਰਾਜਾਂ ਨੂੰ ਵਧੇਰੇ ਅਧਿਕਾਰਾਂ ਦੀ ਜਮਹੂਰੀ ਮੰਗ ਵੀ ਉਭਰੀ ਤਾਂ ਇਸਨੂੰ ਸਾਬੋਤਾਜ ਕਰਨ ਲਈ ਅਨੇਕਾਂ ਹੱਥ ਕੰਡੇ ਵਰਤੇ। ਨਾਲ ਹੀ 'ਦੇਸ਼ ਦੀ ਏਕਤਾ', 'ਸੁਰੱਖਿਆ', 'ਬਾਹਰੋਂ ਖਤਰਾ', ਆਦਿ ਦੇ ਸ਼ਾਵਨਵਾਦੀ ਨਾਹਰਿਆਂ ਹੇਠ ਆਪਣੇ ਰਾਜਕੀ ਢਾਂਚੇ ਨੂੰ ਮਜ਼ਬੂਤ ਅਤੇ ਕੇਂਦਰੀਣ ਕਰਨ ਵਿਚ ਲਗਾਤਾਰ ਤਤਪਰ ਰਹੀ। ਉਹ ਇਲਾਕਾਈ, ਪਿਛਾਖੜੀ ਫਿਰਕੂ ਜਨੂੰਨੀ ਲਹਿਰਾਂ ਨੂੰ ਸ਼ਹਿ ਦਿੰਦੀ ਰਹੀ ਹੈ। ਪੰਜਾਬ ਇਸ ਦੀ ਸਪੱਸ਼ਟ ਉਦਾਹਰਣ ਹੈ ਜਿਥੇ ਕਾਂਗਰਸ ਨੇ ਆਪਣੀ ਵਿਰੋਧੀ ਸਿਆਸੀ ਧਿਰ ਨੂੰ ਕਮਜ਼ੋਰ ਕਰਨ ਲਈ ਫਿਰਕੂ ਜਨੂੰਨੀ ਲਹਿਰ ਨੂੰ ਸ਼ਹਿ ਦਿੱਤੀ–ਅਤੇ ਉਭਾਰਿਆ। 'ਗਰੀਬੀ ਹਟਾਉ', 'ਸਮਾਜਵਾਦ ਲਿਆਉ' ਆਦਿ ਨਾਹਰਿਆਂ ਪਿਛੋਂ ਅੱਜ ਕੱਲ ਉਸ ਪਾਸ ਇਕ ਹੀ ਨਾਹਰਾ ਹੈ 'ਦੇਸ਼ ਦੀ ਏਕਤਾ ਅਤੇ ਅਖੰਡਤਾ' ਜਿਸ ਹੇਠ ਸਮੁੱਚੇ ਦੇਸ਼ ਵਿਚ ਫਿਰਕਾਪ੍ਰਸਤੀ ਫੈਲਾਈ ਜਾ ਰਹੀ ਹੈ।

**ਅਕਾਲੀਦਲ** ਜਿਸਦੇ ਜਮਾਤੀ ਹਿੱਤ ਕਾਂਗਰਸ ਨਾਲੋਂ ਭਿੰਨ ਨਹੀਂ ਅਤੇ ਜੋ ਮੁੱਖ ਤੌਰ 'ਤੇ ਖੇਤਰੀ ਭੋਂ ਮਾਲਕ ਧਨਾਢਾਂ ਦੀ ਨੁਮਾਇੰਦਗੀ ਕਰਦਾ ਹੈ। ਲਗਾਤਾਰ ਲੋਕਾਂ ਦੀਆਂ ਧਾਰਮਕ ਭਾਵਨਾਵਾਂ ਨੂੰ ਵਰਤਣ ਦੀਆਂ ਕੋਸ਼ਿਸ਼ਾਂ 'ਚ ਰਹਿੰਦਾ ਹੈ। 1966 'ਚ ਪੰਜਾਬੀ ਸੂਬੇ ਦੀ ਗੈਰ ਜਮਹੂਰੀ ਅਤੇ ਲੰਗੜੀ ਵੰਡ ਨੂੰ ਗੱਦੀਆਂ ਦੀ ਭੁੱਖ ਦਿਖਾਉਂਦਿਆਂ ਝੱਟ ਪ੍ਰਵਾਨ ਕਰ ਲਿਆ। ਪਿਛੋਂ ਜਦੋਂ ਵੀ ਸਿਆਸੀ ਕੁਰਸੀ ਹਥੋਂ ਜਾਂਦੀ ਦਿਸੀ ਤਾਂ ਮੋਰਚਾ ਵਿੱਢ ਲਿਆ। ਧਰਮ ਯੁੱਧ ਮੋਰਚਾ ਇਸੇ ਸਿਆਸੀ ਗਰਜ਼ ਚੋਂ ਨਿਕਲਿਆ ਸੀ। ਇਕ ਪਾਸੇ ਅਕਾਲੀ ਦਲ ਦੀ ਸਿਆਸੀ ਪੜ੍ਹਤ ਕਮਜ਼ੋਰ ਹੋਈ ਸੀ ਅਤੇ ਦੂਜੇ ਪਾਸੇ ਕਾਂਗਰਸ ਵਲੋਂ ਇਸ ਨੂੰ ਕਮਜ਼ੋਰ ਕਰਨ ਦੀਆਂ ਮੁਹਿੰਮਾਂ ਚਲਾਈਆਂ ਜਾ ਰਹੀਆਂ ਸੀ। ਆਪਣਾ ਅਸਰ ਰਸੂਖ ਮੁੱਖ ਤੌਰ ਤੇ ਕਿਸਾਨੀ ਵਿਚ ਹੋਣ ਕਰਕੇ ਅਕਾਲੀ ਦਲ ਕਿਸਾਨੀ ਨੂੰ ਨਾਲ ਲੈਣ ਲਈ ਧਰਮ ਦਾ ਸਹਾਰਾ ਲੈਂਦੀ ਹੈ ਅਤੇ ਝੱਟ ਹੀ ਇਸ ਦੀ ਕੁਰਸੀ ਦਾ ਖਤਰਾ, 'ਪੰਥ ਨੂੰ ਖਤਰੇ 'ਚ ਵੱਟ ਜਾਂਦਾ ਹੈ। ਇਹੀ ਕਾਰਨ ਹੈ ਕਿ ਇਹ ਧਰਮ ਯੁੱਧ' ਮੋਰਚੇ ਦੌਰਾਨ ਕੱਟੜ ਜਨੂੰਨੀ ਭਿੰਡਰਾਂ ਵਾਲੇ ਨਾਲੋਂ ਲੀਕ ਖਿੱਚਣ 'ਚ ਨਾ ਸਿਰਫ ਹਿਚਹਿਚਕਾਉਂਦਾ ਰਿਹਾ ਸਗੋਂ ਖੁਦ ਧਾਰਮਕ ਸੁਰਾਂ ਚੁੱਕ ਕੇ ਜਨੂੰਨੀ ਦਹਿਸ਼ਤ ਵਾਦ ਲਈ ਜ਼ਮੀਨ ਤਿਆਰ ਕਰਦਾ ਰਿਹਾ। ਆਪਣੀ ਬੁੱਕਲ ਵਿਚ ਦਹਿਸ਼ਤਵਾਦ ਨੂੰ ਦੁੱਧ ਪਿਆਉਣ ਦਾ ਕੰਮ

ਇਸੇ ਦਾ ਹੀ ਹੈ। ਨੀਲਾ ਤਾਰਾ ਕਾਰਵਾਈ, ਪੰਜਾਬ ਸਮਝੌਤਾ ਅਤੇ ਫਿਰ ਸੱਤਾ 'ਚ ਆ ਜਾਣ ਦੌਰਾਨ ਬਦਲ-ਦੀਆਂ ਪੈਂਤੜੇ ਬਾਜੀਆਂ ਵਿਚੋਂ ਇਸ ਦਾ ਲੋਕ ਵਿਰੋਧੀ ਕਿਰਦਾਰ ਬੜਾ ਸਪੱਸ਼ਟ ਰੂਪ 'ਚ ਸਾਹਮਣੇ ਆ ਗਿਆ ਹੈ। ਅੱਜ ਵੀ ਅਕਾਲੀ ਦਲ ਦੇ ਸਾਰੇ ਹਿੱਸੇ ਹੀ ਲੋਕਾਂ ਦੀਆਂ ਧਾਰਮਕ ਭਾਵਨਾਵਾਂ ਨਾਲ ਖੇਡਣ ਦੇ ਪੈਂਤੜੇ ਤੇ ਹੀ ਚੱਲ ਰਹੇ ਹਨ।

o ਇਥੇ ਇਹ ਵੀ ਨੋਟ ਕਰਨ ਵਾਲੀ ਸੱਚਾਈ ਹੈ ਕਿ, ਜਦੋਂ ਵੀ ਪੰਜਾਬ ਦੀਆਂ ਜਮਹੂਰੀ ਮੰਗਾਂ ਲਈ ਆਵਾਜ਼ ਉੱਠਦੀ ਰਹੀ ਹੈ ਤਾਂ ਕਾਂਗਰਸੀਏ ਅਤੇ ਫਿਰਕਾ-ਪ੍ਰਸਤ ਹਿੰਦੂ ਸੰਗਠਨਾਂ ਦੇ ਭਰਮਾਏ ਸੂਬੇ ਦੇ ਹਿੰਦੂ ਹਿੱਸੇ ਹਮੇਸ਼ਾਂ ਹੀ ਵੱਖਰੀ ਸੁਰ ਕੱਢਦੇ ਰਹੇ ਹਨ। ਏਥੋਂ ਤੱਕ ਕਿ ਭਾਰਤੀ ਜਨਤਾ ਪਾਰਟੀ (ਜਨਸੰਘ) ਅਤੇ ਹੋਰ ਹਿੰਦੂ ਜਨੂੰਨੀ ਸੰਗਠਨ ਵੀ ਹਿੰਦੂ ਤਬਕੇ ਵਿਚ ਹਿੰਦੂ ਸ਼ਾਵਨਵਾਦ ਭੜਕਾਉਣ ਵਿਚ ਕਿਸੇ ਤਰ੍ਹਾਂ ਵੀ ਪਿਛੇ ਨਹੀਂ ਰਹੇ।

o ਜਿਵੇ ਸਮੁੱਚਾ ਦੇਸ਼ ਅਤਿ ਮੰਦਹਾਲੀ ਦੀ ਖੱਡ 'ਚ ਡਿੱਗਦਾ ਜਾ ਰਿਹਾ ਹੈ। ਉਵੇਂ ਹੀ ਪੰਜਾਬ ਦੇ ਲੋਕ ਵੀ ਅੱਤ ਨਰਕੀ ਜ਼ਿੰਦਗੀ ਭੋਗ ਰਹੇ ਹਨ। ਪੰਜਾਬ ਸਮੱਸਿਆ ਦਾ ਇਕ ਮਹੱਤਵਪੂਰਨ ਪਹਿਲੂ ਇਹ ਵੀ ਹੈ ਕਿ ਮਰ ਰਹੀ ਗਰੀਬ ਕਿਸਾਨੀ ਅਤੇ ਸਹਿਕ ਰਹੀ ਦਰ-ਮਿਆਨੀ ਕਿਸਾਨੀ ਦੀ ਹਾਲਤ ਦਿਨੋ ਦਿਨ ਡਿੱਗ ਰਹੀ ਹੈ ਅਤੇ ਵੱਡੀ ਪੱਧਰ ਤੇ ਪੜ੍ਹੇ ਲਿਖੇ ਨੌਜਵਾਨਾਂ ਲਈ ਰੁਜ਼ਗਾਰ ਦੇ ਕੋਈ ਵਸੀਲੇ ਨਹੀਂ। ਉਧਰ ਖੇਤ ਮਜ਼ਦੂਰਾਂ ਅਤੇ ਸਨਅਤੀ ਮਜ਼ਦੂਰਾਂ ਲਈ ਨਰਕੀ ਜ਼ਿੰਦਗੀ ਤੋਂ ਨਿਜਾਤ ਦੀ ਸਮੱਸਿਆ ਖੜੀ ਹੈ। 60ਵਿਆਂ 'ਚ ਆਏ ਖੇਤੀ 'ਚ ਤਕਨੀਕੀ ਇਨਕਲਾਬ-ਜਿਹਨੂੰ ਹਰਾ ਇਨਕਲਾਬ ਕਿਹਾ ਜਾਂਦਾ ਹੈ-ਨੇ ਸੂਬੇ 'ਚ ਵਿਕਾਸ ਦੀ ਇਕ ਪੁਲਾਂਘ ਪੁੱਟੀ ਸੀ, ਜਿਸ ਕਾਰਨ ਕਿਸਾਨੀ ਨੂੰ ਇਕ ਵਕਤੀ ਹੁਲਾਰਾ ਮਿਲਿਆ ਸੀ। ਪਰ, ਸਰਮਾਏਦਾਰਾ ਜਿਣਸੀ ਮੰਡੀ ਦੇ ਚੱਕਰਾਂ ਨੇ ਜਲਦੀ ਹੀ ਗਰੀਬ ਅਤੇ ਦਰਮਿਆਨੀ ਕਿਸਾਨੀ ਨੂੰ ਆਪਣੇ ਕਰਜ਼ੇ ਦੇ ਫੰਦੇ 'ਚ ਫਾਹ ਲਿਆ। ਸੱਨਅਤ ਦਾ ਵਿਸ਼ੇਸ ਵਿਕਾਸ ਨਾ ਹੋਣ ਅਤੇ ਖੇਤੀ ਤੇ ਸੱਨਅਤ ਦੇ ਅਣਸਾਂਵੇਂ ਵਿਕਾਸ ਦੀ ਵਜ੍ਹਾ ਹੀ ਹੈ ਕਿ ਰੁਜ਼ਗਾਰ ਦੇ ਨਵੇਂ ਵਸੀਲੇ ਪੈਦਾ ਨਹੀਂ ਹੋ ਰਹੇ ਅਤੇ ਸਮੁੱਚੇ ਪੰਜਾਬ ਦੇ ਕਿਰਤੀ ਤੇ ਮਿਹਨਤੀ ਲੋਕਾਂ ਦੀ ਜ਼ਿੰਦਗੀ ਦਿਨੋ ਦਿਨ ਹੇਠਾਂ ਡਿਗਦੀ ਜਾ ਰਹੀ ਹੈ। ਅਤੇ ਇਸ ਤੋਂ ਵੀ ਵੱਧ ਹੈ ਭਾਰਤ ਦਾ ਗੈਰ ਜਮਹੂਰੀ ਢਾਂਚਾ ਇਨ੍ਹਾਂ ਸਮੱਸਿਆਵਾਂ ਅਤੇ ਉਠੀਆਂ ਪਿਛਾਖੜੀ ਲਹਿਰਾਂ ਨੂੰ ਆਧਾਰ ਮੁਹੱਈਆ ਕਰਦਾ ਹੈ।

## ਧਾਰਮਿਕ ਮੁੜ ਸੁਰਜੀਤੀ ਦੀ ਲਹਿਰ

ਹਰੇ ਇਨਕਲਾਬ ਦੀ ਆਮਦ ਨਾ ਸਿਰਫ ਖੇਤੀ 'ਚ ਤਬਦੀਲੀਆਂ ਦਾ ਕਾਰਨ ਬਣੀ, ਸਗੋਂ ਇਸ ਨੇ ਸਭਿਆਚਾਰ, ਵਿਚਾਰ ਅਤੇ ਧਰਮ ਨੂੰ ਵੀ ਪ੍ਰਭਾਵਤ ਕੀਤਾ, ਸਿੱਟੇ ਵਜੋਂ ਲੋਕਾਂ ਦਾ ਇਕ ਹਿੱਸਾ ਧਾਰਮਿਕ ਰਹੁ ਰੀਤਾਂ ਤੋਂ ਉਪਰਾਮ ਹੋਇਆ ਅਤੇ ਨਾਲ ਹੀ ਦੂਜੇ ਪਾਸੇ ਮਾਨਸਿਕ ਉਪਰਾਮਤਾ ਦੂਰ ਕਰਨ ਲਈ ਕੁਝ ਉਦਾਰਵਾਦੀ ਧਾਰਮਿਕ ਪ੍ਰਵਿਰਤੀਆਂ ਨੇ ਜ਼ੋਰ ਫੜਿਆ। ਇਸੇ ਸਮਿਆਂ 'ਚ ਹੀ ਕਾਂਗਰਸੀ ਮੁੱਖ ਮੰਤਰੀ ਜ਼ੈਲ ਸਿੰਘ ਨੇ ਧਰਮ ਦੇ ਚੌਧਰੀ ਬਣਨ ਦੀ ਮੁਹਿੰਮ ਵਿੱਢੀ। ਗੋਬਿੰਦ ਮਾਰਗ ਅਤੇ ਹਿੰਦੂ ਸਿੱਖ ਧਾਰਮਿਕ ਅਸਥਾਨਾਂ ਉਤੇ ਅੰਨ੍ਹਾ ਪੈਸਾ ਵਹਾ ਕੇ ਲੋਕਾਂ 'ਚ ਧਰਮ ਪ੍ਰਤੀ ਜਾਗ ਉਭਰੀ। ਪਿੱਛੇ ਅਕਾਲੀ ਵੀ ਨਾ ਰਹੇ। ਪਰ ਬਾਜ਼ੀ ਲੈ ਗਿਆ, ਸੰਤ ਜਰਨੈਲ ਸਿੰਘ ਭਿੰਡਰਾਂ ਵਾਲਾ, ਜਿਹਨੇ ਧਾਰਮਿਕ ਜਨੂੰਨੀ ਕੱਟੜਤਾ ਦਾ ਖੁੱਲ੍ਹਾ ਪ੍ਰਚਾਰ ਕੀਤਾ। ਹਰ ਕੋਈ ਜਾਣਦਾ ਹੈ ਕਿ ਗਿਆਨੀ ਜ਼ੈਲ ਸਿੰਘ ਦੀ ਭਿੰਡਰਾਂ ਵਾਲਾ, ਦਮਦਮੀ ਟਕਸਾਲ, ਦਲ ਖਾਲਸਾ ਆਦਿ ਨੂੰ ਅਸ਼ੀਰਵਾਦ ਸੀ। ਜੇ ਭਿੰਡਰਾਂ ਵਾਲੇ ਨੇ ਕੱਟੜ ਜਨੂੰਨੀ ਹੇਕਾਂ ਚੁੱਕ ਕੇ ਇਕ ਫਿਰਕੇ ਖਿਲਾਫ ਨਫਰਤ ਪੈਦਾ ਕੀਤੀ ਤਾਂ ਅਗਲੀਆਂ ਦੇ 'ਧਰਮ ਯੁੱਧ' ਮੋਰਚੇ ਨੇ ਇਸ ਨੂੰ ਆਕਸੀਜਨ ਦਿਤੀ ਅਤੇ ਇਹ ਧਾਰਮਿਕ ਮੁੜ ਸੁਰਜੀਤ ਦੀ ਲਹਿਰ ਨਾ ਸਿਰਫ ਧਾਰਮਿਕ ਕੱਟੜਪੁਣੇ ਤੱਕ ਸੀਮਤ ਰਹੀ ਸਗੋਂ ਜਨੂੰਨੀ ਦਹਿਸ਼ਤਵਾਦ 'ਚ ਵੱਟ ਗਈ।

ਇਸ ਜਨੂੰਨੀ ਦਹਿਸ਼ਤ, ਜਿਸਨੇ ਨਿਰਦੋਸ਼ ਲੋਕਾਂ ਅਤੇ ਅਗਾਂਹ ਵਧੂ ਤਾਕਤਾਂ ਦੇ ਕਤਲ ਕਰਕੇ ਅੱਜ ਪੂਰੇ ਸੂਬੇ ਵਿਚ ਇਕ ਫਿਰਕੇ ਦੇ ਮਨ 'ਚ ਦਹਿਸ਼ਤ ਦਾ ਮਾਹੌਲ ਬਣ ਰੱਖਿਆ, ਨੂੰ ਅਜੇਹਾ ਕੋਈ ਵੀ ਵਿਚਾਰ ਮਨਜ਼ੂਰ ਨਹੀਂ, ਜੋ ਇਨ੍ਹਾਂ ਦੀ ਰਜ਼ਾ ਖਿਲਾਫ ਆਪਣਾ ਆਜ਼ਾਦ ਖਿਆਲ ਰੱਖਦਾ ਹੋਵੇ। ਇਹ ਗੱਲ ਵੀ ਗੁੱਝੀ ਨਹੀਂ ਕਿ ਸਮੇਂ ਸਮੇਂ ਅਕਾਲੀ ਅਤੇ ਕਾਂਗਰਸੀ ਇਸ ਨੂੰ ਸਿਆਸੀ ਸਹਾਰਾ ਦਿੰਦੇ ਰਹੇ ਹਨ। ਉਧਰ ਕਾਂਗਰਸੀ ਅਤੇ ਇਧਰ ਅਕਾਲੀ ਮੰਤਰੀਆਂ ਨਾਲ ਦਹਿਸ਼ਤ ਪਸੰਦਾਂ ਦੇ ਨੇੜਲੇ ਸਬੰਧ ਇਸ ਤੋਂ ਪਰਦਾ ਲਾਹੁੰਦੇ ਹਨ ਕਿ ਇਹ ਕਿਸੇ ਸਮੇਂ ਵੀ ਅਜੇਹੇ ਅਨਸਰਾਂ ਨੂੰ ਵਰਤਨ ਤੋਂ ਗੁਰੇਜ਼ ਨਹੀਂ ਕਰਦੇ। ਨੀਲਾ ਤਾਰਾ ਕਾਰਵਾਈ ਤੋਂ ਪਹਿਲਾਂ ਹਕੂਮਤ ਨੇ ਜਨੂੰਨੀ ਦਹਿਸ਼ਤਵਾਦ ਨੂੰ ਨਾ ਸਿਰਫ ਖੁਲ੍ਹਾ ਛੱਡਿਆ ਸੀ, ਸਗੋਂ ਇਨ੍ਹਾਂ ਦੀਆਂ ਕਾਰਵਾਈਆਂ ਨੂੰ ਉਤਸ਼ਾਹਤ ਵੀ ਕਰਦੀ ਰਹੀ। ਕਾਂਗਰਸ ਦੇ ਦੋ ਮੂੰਹੀਂ ਸੱਪਣੀ ਵਾਂਗ ਦੋ ਡੰਗ ਸਨ। ਇਕ, ਅਕਾਲੀ ਦਲ ਨੂੰ ਕਮਜ਼ੋਰ ਕਰਨਾ ਅਤੇ ਦੂਜਾ ਦਹਿਸ਼ਤ ਦਾ ਮਾਹੌਲ ਬਣਾ ਕੇ ਹਿੰਦੂ ਵੋਟਾਂ ਨੂੰ ਆਪਣੀ ਬੁੱਕਲ ਵਿਚ ਲੈਣਾ। ਨੀਲਾ ਤਾਰਾ ਕਾਰਵਾਈ ਉਸ ਸਿਰੇ ਤੇ ਜਾ ਕੇ ਕੀਤੀ ਗਈ, ਜਦੋਂ ਦੇਸ਼ ਦੀ ਸਮੁੱਚੀ ਪ੍ਰੈਸ ਅਤੇ ਲੱਗਭੱਗ ਸਭੇ ਸਿਆਸੀ

ਪਾਰਟੀਆਂ ਫੌਜੀ ਕਾਰਵਾਈ ਦੀ ਇਕ ਸੁਰ ਹੋ ਕੇ ਮੰਗ ਕਰਨ ਲੱਗ ਪਈਆਂ। ਉਧਰ ਅਕਾਲੀ ਵੀ ਫਿਰਕੂ ਜਨੂੰਨ ਦੀ ਕੁੜਿਕੀ ਵਿਚ ਫਸੇ ਹੋਏ ਸਨ ਅਤੇ ਇਧਰ ਜਨੂੰਨੀ ਦਹਿਸ਼ਤਵਾਦ ਲੋਕਾਂ 'ਚ ਡਰ ਅਤੇ ਸਹਿਮ ਦਾ ਮਾਹੌਲ ਬਣਾਉਣ 'ਚ ਕਾਮਯਾਬ ਹੋ ਚੁੱਕਾ ਸੀ।

ਨੀਲਾ ਤਾਰਾ ਕਾਰਵਾਈ ਸਮੱਸਿਆ ਦਾ ਹੱਲ ਨਹੀਂ ਸੀ। ਇਸ ਨੇ ਲੋਕਾਂ ਖਾਸ ਕਰਕੇ ਸਿਖਾਂ ਦੇ ਧਾਰਮਿਕ ਜਜ਼ਬਾਤਾਂ ਨੂੰ ਟੁੰਬਿਆ ਅਤੇ ਵਲੂੰਧਰਿਆ। ਇਸ ਸਮੇਂ ਦੌਰਾਨ ਸਰਹੱਦੀ ਜ਼ਿਲਿਆਂ ਵਿਚ ਫੌਜ ਵਲੋਂ ਕੀਤੇ ਜਬਰ ਅਤੇ ਹਕੂਮਤ ਵਲੋਂ ਮੜ੍ਹੇ ਕਾਲੇ ਕਾਲੇ ਕਾਨੂੰਨਾਂ ਦੇ ਕਾਰਨ ਪੈਦਾ ਹੋਇਆ ਰੋਹ ਅਤੇ ਗੁੱਸਾ ਇਨ੍ਹਾਂ **ਦਹਿਸ਼ਤ ਦੀ ਝੋਲੀ ਹੀ ਪਿਆ।** ਨਵੰਬਰ 84 'ਚ ਇੰਦਰਾ ਦੀ ਮੌਤ ਪਿਛੋਂ ਦਿੱਲੀ ਅਤੇ ਹੋਰ ਥਾਈਂ ਵਾਪਰਿਆ ਭਿਆਨਕ ਕਤਲੇਆਮ ਕੁਲ ਮਿਲ ਕੇ ਮੋੜਵੇਂ ਰੂਪ 'ਚ ਇਨ੍ਹਾਂ ਲਈ ਖਾਦ ਖੁਰਾਕ ਬਣਿਆ। ਅੱਜ ਇਸ ਜਨੂੰਨੀ ਦਹਿਸ਼ਤ ਵਾਦੀ ਲਹਿਰ ਦਾ ਇਕ ਹੀ ਟੀਚਾ ਹੈ, ਸਿੱਖਾਂ ਦੇ ਬੋਲ ਬਾਲੇ ਵਾਲਾ ਰਾਜ-ਖਾਲਿਸਤਾਨ।

**ਪੰਜਾਬ ਸਮਝੌਤਾ** ਵੀ ਸਮੱਸਿਆ ਨੂੰ ਜਮਹੂਰੀ ਨੁਕਤਾ ਨਜ਼ਰ ਤੋਂ ਹੱਲ ਕਰਨ ਦੀ ਬਜਾਏ ਕਾਂਗਰਸ-ਅਕਾਲੀ ਸਿਆਸੀ ਗਿਣਤੀਆਂ ਮਿਣਤੀਆਂ 'ਚੋਂ ਨਿਕਲਿਆ ਸੀ। ਇਹ **ਸਮੱਸਿਆ ਦਾ ਹੱਲ ਨਹੀਂ ਸੀ।** ਇਸ ਸਮਝੌਤੇ ਵਿਚ ਲੰਮੇ ਸਮੇਂ ਤੋਂ ਰੱਟੇ ਵਾਲੇ ਮਸਲਿਆਂ --ਭਾਸ਼ਾਈ ਆਧਾਰ 'ਤੇ ਇਲਾਕਾਈ ਵੰਡ, ਚੰਡੀਗੜ੍ਹ ਪੰਜਾਬ ਨੂੰ ਦੇਣ, ਨਹਿਰੀ ਪਾਣੀਆਂ ਦੀ ਵੰਡ--ਆਦਿ ਪ੍ਰਤੀ ਅੱਖਾਂ ਹੀ ਪੂੰਝੀਆਂ ਗਈਆਂ ਸਨ। ਅਨੇਕਾਂ ਮੱਦਾਂ ਘਚੋਲੇ ਭਰੀਆਂ ਸਨ, ਪਿਛੋਂ ਸਹਿਜੇ ਸਹਿਜੇ ਕਮਿਸ਼ਨਾਂ ਦੇ ਝੰਜਟਾਂ 'ਚ ਫਸਿਆ **ਸਮਝੌਤਾ ਖਟਾਈ** 'ਚ ਪੈ ਗਿਆ।

## ਹੱਲ ਕੀ ਹੋਵੇ

ਅੱਜ ਕੇਂਦਰੀ ਤੇ ਸੂਬਾਈ ਹਕੂਮਤਾਂ ਦਹਿਸ਼ਤਗਰਦਾਂ ਹੱਥੋਂ ਆਮ ਲੋਕਾਂ ਦੀ ਜ਼ਿੰਦਗੀ ਨੂੰ ਸੁਰੱਖਿਅਤ ਕਰਨ ਵਿਚ ਬੁਰੀ ਤਰ੍ਹਾਂ ਨਿਕੰਮੀਆਂ ਸਾਬਤ ਹੋਈਆਂ ਹਨ, ਸਗੋਂ ਦਹਿਸ਼ਤਪਸੰਦਾਂ ਨੂੰ ਕਾਬੂ ਕਰਨ ਦੇ ਨਾਂ ਹੇਠ ਆਮ ਲੋਕਾਂ ਉਤੇ ਫੌਜੀ ਤੇ ਨੀਮ-ਫੌਜੀ ਦਸਤਿਆਂ ਨੇ ਤਸ਼ੱਦਦ ਵਿਚ ਰੱਖਿਆ ਹੈ। ਪਿਛਲੇ ਸਮੇਂ ਵਿਚ ਭਾਰਤੀ ਰਾਜ ਅਤੇ ਕੱਟੜ ਹਿੰਦੂ ਜਨੂੰਨੀ ਜਥੇਬੰਦੀਆਂ ਵੀ ਹਿੰਦੂ ਲੋਕਾਂ ਵਿਚ ਜਨੂੰਨੀ ਤੁਅਸਬਾਂ ਦੀ ਪਿਉਂਦ ਲਾਉਣ ਦੀਆਂ ਕੋਸ਼ਿਸ਼ਾਂ 'ਚ ਜੁੱਟੀਆਂ ਹੋਈਆਂ ਹਨ। ਸੰਸਾਰ ਸੰਕਟਗ੍ਰਸਤ ਹਾਲਤ ਵਿਚੋਂ ਸਾਰੀਆਂ ਬਿਦੇਸ਼ੀ ਤਾਕਤਾਂ ਅਤੇ ਸਾਮਰਾਜੀ ਧਿਰਾਂ ਵੀ ਅਜੇਹੇ ਅਨਸਰਾਂ ਨੂੰ ਵਰਤਨ ਲਈ ਹੱਥ ਲੱਗੇ ਮੌਕੇ ਨੂੰ ਗੁਆਉਣਾ ਨਹੀਂ ਚਾਹੁੰਦੀਆਂ। ਪਾਕਿਸਤਾਨ ਤਾਂ ਇਨ੍ਹਾਂ ਦਹਿਸ਼ਤਗਰਦਾਂ ਨੂੰ ਸਿੱਧੇ ਰੂਪ 'ਚ ਮਦਦ ਦੇ ਰਿਹਾ ਹੈ।

ਅੱਜ ਪੰਜਾਬ ਦੇ ਜਮਹੂਰੀ ਅਤੇ ਇਨਕਲਾਬੀ ਲੋਕਾਂ ਦਾ ਸੱਚਾ ਤੇ ਸੁੱਚਾ-ਫਰਜ਼ ਬਣਦਾ ਹੈ ਕਿ ਉਹ ਹਕੂਮਤ ਅਤੇ ਫਿਰਕੂ ਦਹਿਸ਼ਤਗਰਦੀ ਵਿਰੁੱਧ ਦੋ ਟੁੱਕ ਲੜਾਈ ਦੇਣ। ਹਰ ਕਿਸਮ ਦੇ ਫਿਰਕੂ ਜਨੂੰਨੀਆਂ ਦੀਆਂ ਹਰਕਤਾਂ ਤੋਂ ਲੋਕਾਂ ਨੂੰ ਸੁਚੇਤ ਕਰਦੇ ਰਹਿਣ ਅਤੇ ਇਨ੍ਹਾਂ ਜਨੂੰਨੀ ਦਹਿਸ਼ਤਗਰਦਾਂ ਤੋਂ ਰਾਖੀ ਲਈ ਪਿੰਡਾਂ, ਸ਼ਹਿਰਾਂ, ਕੁਸਬਿਆਂ, ਮੁਹੱਲਿਆਂ ਵਿਚ ਸਵੈ ਰੱਖਿਅਕ ਕਮੇਟੀਆਂ ਬਣਾਉਣ। ਫਿਰਕੂ ਜਨੂੰਨੀ ਅਤੇ ਹਕੂਮਤ ਦੀਆਂ ਸ਼ਾਵਨਵਾਦੀ ਨੀਤੀਆਂ ਖਿਲਾਫ ਚੇਤੰਨ ਲੋਕਾਂ ਦੀ ਵਿਸ਼ਾਲ ਲਾਮਬੰਦੀ ਕਰਦਿਆਂ ਡੱਟਵਾਂ ਵਿਰੋਧ ਕਰਨ ਅਤੇ ਅਜੇਹੇ ਮੌਕੇ ਲੋਕਾਂ ਦੀ ਰਾਖੀ ਲਈ ਕਿਸੇ ਵੀ ਕੁਰਬਾਨੀ ਤੋਂ ਪਿਛੇ ਨਾਂ ਹਟਣ ਅਤੇ ਇਹਨਾਂ ਪਿਛਾਖੜੀ ਲਹਿਰਾਂ ਨੂੰ ਆਧਾਰ ਮੁਹੱਈਆ ਕਰ ਰਹੇ ਗੈਰ ਜਮਹੂਰੀ ਭਾਰਤੀ ਢਾਂਚੇ ਦੇ ਦੇ ਜਹਹੂਰੀਕਰਨ ਲਈ ਸੰਘਰਸ਼ ਵਿੱਢਣ ਲਈ ਅੱਗੇ ਆਉਣ।

ਅਸੀਂ ਇਨਕਲਾਬੀ ਏਕਤਾ ਕੇਂਦਰ (ਪੰਜਾਬ) ਵਲੋਂ ਪੰਜਾਬ ਸਮੱਸਿਆ ਦੇ ਜਮਹੂਰੀ ਅਤੇ ਸਿਆਸੀ ਹੱਲ ਲਈ ਹੇਠ ਲਿਖੀਆਂ ਮੰਗਾਂ ਤੇ ਵਿਸ਼ਾਲ ਜਨ ਸੰਘਰਸ਼ ਵਿੱਢਣ ਦਾ ਐਲਾਨ ਕਰਦੇ ਹਾਂ।

1. ਪੰਜਾਬ ਅਤੇ ਦੇਸ਼ ਵਿਚ ਜੀਊਣ ਦਾ ਹੱਕ ਲੋਕਾਂ ਦਾ ਬੁਨਿਆਦੀ ਅਧਿਕਾਰ ਹੈ, ਸਰਕਾਰ ਇਸ ਦੀ ਗਾਰੰਟੀ ਦੇਵੇ।

2. ਦਿੱਲੀ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਨਵੰਬਰ 84 ਦੌਰਾਨ ਹੋਏ ਕਤਲੇਆਮ ਦੇ ਦੋਸ਼ੀਆਂ ਨੂੰ ਜਿਨ੍ਹਾਂ ਦੀਆਂ ਜਮਹੂਰੀ ਜਥੇਬੰਦੀਆਂ ਨੇ ਆਪਣੀ ਰਿਪੋਰਟ 'ਚ ਦੋਸ਼ੀ ਕਰਾਰ ਦਿੱਤਾ ਹੈ। ਸਖਤ ਸਜ਼ਾਵਾਂ ਦਿੱਤੀਆਂ ਜਾਣ ਅਤੇ ਐਚ. ਕੇ. ਐਲ. ਭਗਤ ਅਤੇ ਜਗਦੀਸ਼ ਟਾਈਟਲਰ ਵਰਗੇ ਕੇਂਦਰੀ ਮੰਤਰੀਆਂ ਨੂੰ ਤੁਰੰਤ ਮੰਤਰੀ ਮੰਡਲ 'ਚੋਂ ਕੱਢ ਕੇ ਇਨ੍ਹਾਂ ਤੇ ਮੁਕੱਦਮੇ ਚਲਾਏ ਜਾਣ।

3. ਧਾਰਮਕ ਜਜ਼ਬਾਤਾਂ ਹੇਠ ਭਗੌੜੇ ਫੌਜੀਆਂ ਨੂੰ ਮੁੜ ਬਹਾਲ ਕੀਤਾ ਜਾਵੇ।

4. ਧਾਰਮਕ ਅਸਥਾਨਾਂ ਨੂੰ ਸਿਰਫ ਧਾਰਮਕ ਪ੍ਰਚਾਰ ਲਈ ਵਰਤਿਆ ਜਾਵੇ ਅਤੇ ਅਪਰਾਧੀਆਂ ਦੇ ਅੱਡੇ ਨਾ ਬਣਨ ਦਿੱਤਾ ਜਾਵੇ, ਨਾਲ ਹੀ ਧਾਰਮਕ ਅਸਥਾਨਾਂ ਦੀ ਸਰਕਾਰ ਵਰਤੋਂ ਬੰਦ ਕਰੇ ਅਤੇ ਕਿਸੇ ਕਿਸਮ ਦੀ ਪ੍ਰਬੰਧਕੀ ਦਖਲਅੰਦਾਜ਼ੀ ਨਾ ਕਰੇ। ਧਾਰਮਕ ਸੰਸਥਾਵਾਂ

ਦਾ ਵਿਦਿਅਕ ਅਦਾਰਿਆਂ 'ਚ ਦਖਲ ਨਾ ਹੋਵੇ ਅਤੇ ਕਿਸੇ ਵੀ ਧਰਮ ਨੂੰ ਸਰਕਾਰੀ ਪ੍ਰਚਾਰਮੀਡੀਆ ਵਰਤਨ ਦੀ ਇਜਾਜ਼ਤ ਨਾ ਹੋਵੇ।

5. ਜੂਨ 84 'ਚ ਨੀਲਾ ਤਾਰਾ ਕਾਰਵਾਈ ਅਤੇ ਪਿਛੋਂ ਗ੍ਰਿਫਤਾਰ ਕੀਤੇ ਨਿਰਦੋਸ਼ ਲੋਕਾਂ ਨੂੰ ਫੌਰੀ ਰਿਹਾ ਕੀਤਾ ਜਾਵੇ ਅਤੇ ਆਮ ਲੋਕਾਂ 'ਤੇ ਕੀਤਾ ਜਾ ਰਿਹਾ ਤਸ਼ੱਦਦ ਬੰਦ ਕੀਤਾ ਜਾਵੇ।

6. ਪੰਜਾਬ ਵਿਚ ਲਾਗੂ ਕੀਤੇ ਸਾਰੇ ਕਾਲੇ ਕਾਨੂੰਨ ਸਮੇਤ ਗੜਬੜ ਵਾਲਾ ਆਰਡੀਨੈਂਸ ਵਾਪਸ ਲਏ ਜਾਣ।

7. ਮਨਘੜਤ ਮੁਕਾਬਲੇ ਬਣਾ ਕੇ ਨੌਜਵਾਨ ਖਤਮ ਕਰਨ ਦੀ ਨੀਤੀ ਬੰਦ ਕੀਤੀ ਜਾਵੇ ਅਤੇ ਕਸੂਰਵਾਰਾਂ ਉਤੇ ਮੁਕੱਦਮੇ ਚਲਾਏ ਜਾਣ।

8. ਲੋਕਾਂ ਨੂੰ ਸਵੈ ਰੱਖਿਆ ਲਈ ਹਥਿਆਰ ਰੱਖਣ ਦੀ ਖੁਲ੍ਹ ਹੋਵੇ।

9. ਪੰਜਾਬੀ ਬੋਲਦੇ ਇਲਾਕੇ ਪੰਜਬ ਨੂੰ ਦਿੱਤੇ ਜਾਣ ਅਤੇ ਹਿੰਦੀ ਬੋਲਦੇ ਇਲਾਕੇ ਹਰਿਆਣੇ ਨੂੰ ਦਿੱਤੇ ਜਾਣ। ਚੰਡੀਗੜ੍ਹ ਫੌਰਨ ਪੰਜਾਬ ਨੂੰ ਦਿੱਤਾ ਜਾਵੇ।

10. ਰਾਜਾਂ ਨੂੰ ਵਧੇਰੇ ਅਧਿਕਾਰ ਦਿੱਤੇ ਜਾਣ।

11. ਪੰਜਾਬੀ ਦੇ ਵਿਕਾਸ ਲਈ ਵਿਸ਼ੇਸ਼ ਉਪਰਾਲੇ ਹੋਣ ਅਤੇ ਗਵਾਂਢੀ ਰਾਜਾਂ ਵਿਚ ਪੰਜਾਬੀ ਪੜ੍ਹਾਉਣ ਲਈ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕੀਤੀਆਂ ਜਾਣ।

12. ਦਰਿਆਈ ਪਾਣੀਆਂ ਦੀ ਵੰਡ ਜਮਹੂਰੀ ਢੰਗ ਨਾਲ ਫੌਰਨ ਹੱਲ ਕੀਤੀ ਜਾਵੇ।

13. ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦਿੱਤਾ ਜਾਵੇ ਜਾਂ ਬਣਦੀ ਤਨਖਾਹ ਦਾ 3/4 ਦੇ ਬਰਾਬਰ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ।

14. ਫਿਰਕੂ ਆਧਾਰ ਤੇ ਦਿੱਤੀਆਂ ਜਾ ਰਹੀਆਂ ਨੌਕਰੀਆਂ ਅਤੇ ਹੋਰ ਸਰਕਾਰੀ ਰਿਐਤਾਂ ਫੌਰਨ ਬੰਦ ਕੀਤੀਆਂ ਜਾਣ।

15. ਗਰੀਬ ਕਿਸਾਨੀ ਤੇ ਛੋਟੀ ਸਨਅਤ ਨੂੰ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾਣ।

16. ਖੇਤੀਬਾੜੀ ਦੀਆਂ ਜਿਣਸਾਂ ਦੀਆਂ ਕੀਮਤਾਂ ਨੂੰ ਕੀਮਤ ਸੂਚਕ ਅੰਕ ਨਾਲ ਜੋੜਿਆ ਜਾਵੇ ਅਤੇ ਖੇਤੀ ਨੂੰ ਸੱਨਅਤ ਦਾ ਦਰਜਾ ਦਿੱਤਾ ਜਾਵੇ।

17. 1960 ਦੇ ਕੀਮਤ ਸੂਚਕ ਅੰਕ ਨੂੰ ਆਧਾਰ ਮੰਨ ਕੇ ਸੱਨਅਤੀ ਅਤੇ ਖੇਤ ਮਜ਼ਦੂਰਾਂ ਦੀ ਦਿਹਾੜੀ ਤਹਿ ਕੀਤੀ ਜਾਵੇ।

16-12-86 ਇਨਕਲਾਬੀ ਏਕਤਾ ਕੇਂਦਰ (ਪੰਜਾਬ)

oo

---

## ਪਾਠਕਾਂ ਲਈ ਜ਼ਰੂਰੀ ਸੂਚਨਾ

*ਸ਼੍ਰੀ ਮਾਨ ਸੰਪਾਦਕ ਜੀ : ਤੁਹਾਡੇ ਪਰਚੇ ਦੇ ਸਾਰੇ ਪਾਠਕਾਂ ਅਤੇ ਪ੍ਰਬੰਧਕਾਂ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਇਪਾਨਾ ਨੇ 1984 ਵਿਚ ਦੀਪ ਸਿੰਘ ਬੋਪਾਰਾਏ(ਟਰਾਂਟੋ) ਨੂੰ ਕੁਝ ਜੱਥੇਬੰਦਕ ਕਾਰਣਾਂ ਕਰਕੇ ਜੱਥੇਬੰਦੀ ਵਿਚੋਂ ਕੱਢ ਦਿੱਤਾ ਸੀ, ਅਤੇ ਇਸ ਫੈਸਲੇ ਨੂੰ ਜਥੇਬੰਦੀ ਦੀ ਪੰਜਵੀਂ ਜਨਰਲ ਕਨਵੈਨਸ਼ਨ, ਜੋ ਕਿ ਅਗਸਤ 1986 ਵਿਚ ਹੋਈ ਸੀ, ਵਿਚ ਉਪਚਾਰਕ ਰੂਪ ਵਿਚ (formally) ਪ੍ਰਵਾਨ ਕੀਤਾ ਜਾ ਚੁੱਕਾ ਹੈ।*

*ਕਿਰਪਾ ਕਰਕੇ ਇਹ ਨੋਟ ਕੀਤਾ ਜਾਵੇ ਕਿ ਦੀਪ ਸਿੰਘ ਬੋਪਾਰਾਏ (ਟਰਾਂਟੋ) ਦਾ ਇਪਾਨਾ ਨਾਲ ਕੋਈ ਤੁਅੱਲਕ ਨਹੀਂ ਹੈ,ਅਤੇ ਨਾ ਹੀ ਭਵਿੱਖ ਵਿਚ ਦੀਪ ਸਿੰਘ ਬੋਪਾਰਾਏ ਵੱਲੋਂ ਛਾਪੀ ਜਾਂਦੀ ਕਿਸੇ ਵੀ ਸਟੇਟਮੈਂਟ ਲਈ ਇਪਾਨਾ ਦੀ ਕੋਈ ਜਿੰਮੇਵਾਰੀ ਹੈ।*

ਧੰਨਵਾਦ ਸਹਿਤ,

ਚਿੰਨ ਬੈਨਰਜੀ, ਪ੍ਰਧਾਨ ਇਪਾਨਾ (ਕੈਨੇਡਾ)

---

ਇਕ ਟਿਪਣੀ :

**ਬਾਪ ਦਾ ਮਾਲ :** ਕੋਈ ਬੰਦਾ ਜੇਕਰ ਅਪਣਾ ਵੀ ਜਾਂ ਪਰਾਇਆ ਮਾਲ ਅੰਨ੍ਹੇ ਵਾਹ ਲੁੱਟਾ ਰਿਹਾ ਹੋਵੇ ਤਾਂ ਕਿਹਾ ਜਾਂਦਾ ਹੈ ਕਿ ਬਾਪ ਦਾ ਮਾਲ ਸਮਝਕੇ ਲੁਟਾ ਰਿਹਾ ਹੈ। ਰਾਜੀਵ ਗਾਂਧੀ ਦਾ ਬਿਲਕੁਲ ਇਹੋ ਹਾਲ ਹੈ। ਉਹ ਕਸ਼ਮੀਰ ਜਾਏ, ਹਰਿਆਨਾ ਜਾਏ, ਬੰਗਾਲ ਜਾਏ ਤਾਂ ਆਪਣੀ ਨਿੱਜੀ ਭੱਲ ਬਨਾਉਣ ਲਈ ਕਿਧਰੇ 1 ਕ੍ਰੋੜ, ਕਿਧਰੇ 5 ਕ੍ਰੋੜ, ਕਿਧਰੇ 10 ਕ੍ਰੋੜ ਦੇਣ ਦਾ ਐਲਾਨ ਕਰਦਾ ਹੈ, ਜਿਸ ਤਰ੍ਹਾਂ ਇਹ ਰੁਪਿਆ ਉਹਦੇ ਬਾਪ ਦਾ ਮਾਲ ਹੈ। ਦੇਸ਼ ਦੀ ਪੂੰਜੀ ਦਾ ਇਕ ਇਕ ਪੈਸਾ ਖਰਚ ਕਰਨ੍ਹ ਦਾ ਇਕ ਤੌਰ ਤਰੀਕਾ ਹੈ। ਪਲੈਨਿੰਗ ਕਮਿਸ਼ਨ ਕੋਈ ਪਲੈਨ ਤਿਆਰ ਕਰਦੀ ਹੈ, ਬੱਜਟ ਬਣਦਾ ਹੈ, ਵਿੱਤ ਮਹਿਕਮੇ ਕੋਲੋਂ ਰਕਮ ਮਨਜ਼ੂਰ ਕਰਵਾਈ ਜਾਂਦੀ ਹੈ, ਫਿਰ ਜਾ ਕੇ ਖਰਚ ਕੀਤਾ ਜਾਂਦਾ ਹੈ। ਪ੍ਰਧਾਨ ਮੰਤਰੀ ਲਈ ਕੁਝ ਰਕਮ ਰਾਖਵੀਂ ਰਖੀ ਜਾਂਦੀ ਹੈ ਕਿ ਅਚਾਨਕ ਹੜ੍ਹ ਆ ਜਾਏ, ਭੁਚਾਲ ਆ ਜਾਏ ਜਾਂ ਹੋਰ ਕੋਈ ਕੁਦਰਤੀ ਆਫਤ ਆ ਜਾਏ ਤਾਂ ਉਹ ਫੌਰਨ ਖਰਚ ਕਰ ਸਕੇ, ਪਰ ਜਿਸ ਤਰ੍ਹਾਂ ਉਹ ਦੇਸ਼ ਦੀ ਪੂੰਜੀ ਨੂੰ ਅੰਨੇਵਾਹ ਵਰਤ ਰਿਹਾ ਹੈ ਤਾਂ ਲੋਕ ਕਹਿਣ ਤੇ ਮਜਬੂਰ ਨੇ 'ਇਹ ਤੇਰੇ ਬਾਪ ਦਾ ਮਾਲ ਨਹੀਂ"। / ਗ. ਸ.

## ਸੰਪਾਦਕੀ ਟਿਪਣੀਆਂ

### o ਸਿਆਸੀ ਲੀਡਰਾਂ ਦੀ ਕੁਰਸੀ ਭੁੱਖ ਅੱਤੇ ਸਹੀ ਸਿਆਸਤ :

ਵਰਤਮਾਨ ਨਿਜ਼ਾਮ ਦੇ ਦੀਵਾਲੀਆਪਨ ਦਾ ਜੇਕਰ ਅੰਦਾਜ਼ਾ ਲਗਾਉਣਾ ਹੋਵੇ ਤਾਂ ਉਹਦਾ ਸਾਰਿਆਂ ਨਾਲੋਂ ਵੱਡਾ ਚਿਨ੍ਹ ਅਜ ਦੀਆਂ ਹਾਕਮ ਜਮਾਤਾਂ ਦੇ ਸਿਆਸੀ ਲੀਡਰਾਂ ਦਾ ਕੁਰਸੀ ਹਾਸਲ ਕਰਨ ਲਈ ਬੇਅਸੂਲਾਪਨ ਹੈ। ਇਸ ਯਤਨ ਵਿਚ ਉਹ ਸਾਧਾਰਨ ਲੋਕਾਂ ਦਾ ਵੱਧ ਤੋਂ ਵੱਧ ਜਾਨੀ ਅਤੇ ਮਾਲੀ ਨੁਕਸਾਨ ਕਰਵਾ ਸਕਦੇ ਹਨ। ਅਜ ਸਾਧਾਰਨ ਲੋਕ ਵੱਧ ਤੋਂ ਵੱਧ ਇਸ ਗਲ ਬਾਰੇ ਚੇਤਨ ਹੋ ਰਹੇ ਹਨ। ਮੈਂ ਪਿਛਲੇ ਦਿਨਾਂ ਵਿਚ ਪੰਜਾਬ ਯੂਨੀਵਰਸਟੀ ਦੇ ਡਰਾਮਾ ਡੀਪਾਰਟਮੈਂਟ ਦੇ ਵਿਦਿਆਰਥੀਆਂ ਨਾਲ ਇਕ ਨੁੱਕਰ ਨਾਟਕ ਵਰਕਸ਼ਾਪ ਲੈ ਰਿਹਾ ਸਾਂ। ਫ਼ੈਸਲਾ ਹੋਇਆ ਕਿ ਇਕ ਨੁੱਕਰ ਨਾਟਕ ਪੰਜਾਬ ਦੀ ਮੌਜੂਦਾ ਸਥਿਤੀ ਤੇ ਤਿਆਰ ਕੀਤਾ ਜਾਏ। ਮੈਂ ਵਿਦਿਆਰਥੀਆਂ ਕੋਲੋਂ ਪੁਛਿਆ ਕਿ ਉਹ ਪੰਜਾਬ ਦੀ ਇਸ ਸਥਿਤੀ ਲਈ ਕਿਨ੍ਹਾਂ ਕਾਰਨਾਂ ਨੂੰ ਜ਼ਿਮੇਵਾਰ ਸਮਝਦੇ ਹਨ ਤਾਂ ਉਹਨਾਂ ਨੇ ਇਕ ਰਾਏ ਹੋ ਕੇ ਦੋ ਵਡੇ ਕਾਰਨ ਦਸੇ। ਇਕ ਕਾਰਨ ਪੜ੍ਹੇ ਲਿਖੇ ਨੌਜਵਾਨਾਂ ਦੀ ਬੇਰੁਜ਼ਗਾਰੀ ਦਾ ਅਤੇ ਦੂਜਾ ਵਡਾ ਕਾਰਨ ਲੀਡਰਾਂ ਦੀ ਕੁਰਸੀ ਭੁੱਖ। ਅਸੀਂ ਰੱਲ ਕੇ ਇਕ 25 ਮਿੰਟਾਂ ਦਾ ਨੁੱਕਰ ਨਾਟਕ 'ਅੱਗ' ਤਿਆਰ ਕੀਤਾ। ਇਸ ਨਾਟਕ ਵਿਚ ਵਾਰਤਾਲਾਪ ਕਿਧਰੇ ਕਿਧਰੇ ਹੀ ਹੈ। ਬਹੁਤਾ ਕੁਝ ਸੰਗੀਤ ਦੀ ਸਹਾਇਤਾ ਨਾਲ ਛੋਟੇ ਛੋਟੇ ਦ੍ਰਿਸ਼ਾਂ ਵਿਚ ਹੀ ਪੇਸ਼ ਕੀਤਾ ਹੈ। ਨਾਟਕ ਦੇ ਇਕ ਦ੍ਰਿਸ਼ ਵਿਚ ਲੀਡਰਾਂ ਨੂੰ ਕੁਰਸੀ ਲਈ ਕੁੱਤੇ ਖੋਹ ਕਰਦਾ ਪੇਸ਼ ਕੀਤਾ ਗਿਆ ਅਤੇ ਫੇਰ ਇਕ ਮੂਕ ਮੁੱਦਰਾ ਵਿਚ ਇਹ ਦ੍ਰਿਸ਼ ਫਰੀਜ਼ ਕੀਤਾ ਗਿਆ। ਜੰਤਾ ਨਾਲ ਲੀਡਰਾਂ ਦੀ ਹੇਠ ਲਿਖੀ ਵਾਰਤਾਲਾਪ ਹੁੰਦੀ ਹੈ :

—ਜਥੇਦਾਰ ਜੀ, ਪੰਜਾਬ ਨੂੰ ਅੱਗ ਲੱਗੀ ਹੋਈ ਏ, ਕੁਝ ਕਰੋ।

—ਬੀਬੀ ਜੰਤਾ, ਸਾਨੂੰ ਵਿਹਲ ਨਹੀਂ, ਸਾਨੂੰ ਕੁਰਸੀ ਦੀ ਅੱਗ ਲਗੀ ਹੋਈ ਏ।

—ਨੇਤਾ ਜੀ, ਕੁਛ ਕਰੋ, ਪੰਜਾਬ ਕੋ ਆਗ ਲਗੀ ਹੈ।

—ਕੋਈ ਬਾਤ ਨਹੀਂ ਬੀਬੀ ਜੰਤਾ, ਹਮ ਆਗ ਸਾਰੇ ਦੇਸ਼ ਕੋ ਲਗਾ ਦੇਂਗੇ।

—ਸਿੰਘ ਜੀ, ਅੱਗ ਸਭ ਕੁਝ ਸਾੜ ਰਹੀ ਏ।

—(ਖੁਸ਼ ਹੋਕੇ) ਸਭ ਕੁਝ ਸਾੜ ਰਹੀ ਏ ਨਾਂ ? ਚੰਗਾ ਕਰ ਰਹੀ ਏ, ਹੁਣ ਲੰਮੀ ਦਾੜ੍ਹੀ ਵਾਲੇ ਨੂੰ ਕੁਰਸੀ ਛੱਡਣੀ ਹੀ ਪਏਗੀ।

—ਸ੍ਰੀਮਾਨ ਜੀ, ਆਗ ਫੈਲ ਰਹੀ ਹੈ, ਕੁਛ ਕਰੋ।

—(ਕੁਰਸੀ ਤੇ ਟਿਕਾਈ ਨਜ਼ਰ ਕਾਇਮ ਰਖਦੇ ਹੋਏ ਬੜੀ ਬੇਪ੍ਰਵਾਹੀ ਨਾਲ) ਫੈਲ ਰਹੀ ਹੈ ਤੋ ਔਰ ਫੈਲਨੇ ਦੋ, ਅਭੀ ਇਸੇ ਬੁਝਾਨੇ ਕਾ ਸਮਾਂ ਨਹੀਂ ਆਇਆ।

ਅਜ ਦੇਸ਼ ਦੇ ਹਰ ਟੁਕੜੇ ਵਿਚ ਕੋਈ ਨਾ ਕੋਈ ਅੱਗ ਲੱਗੀ ਹੋਈ ਹੈ। ਇਹ ਨਿਜ਼ਾਮ ਦਾ ਸੰਕਟ ਹੈ, ਜੋ ਲੋਕਾਂ ਦਾ ਕੋਈ ਵੀ ਮਸਲਾ ਹਲ ਨਹੀਂ ਕਰ ਸਕਦਾ। ਲੋਕ ਇਸ ਨੂੰ ਕੁਰਸੀ ਭੁੱਖ ਦੀ ਸ਼ਕਲ ਵਿਚ ਵੇਖ ਰਹੇ ਹਨ। ਸਿਆਸੀ ਲੀਡਰਾਂ ਨੂੰ ਨਫਰਤ ਕਰਨ ਲਗ ਪਏ ਹਨ। ਪਰ ਬਦਕਿਸਮਤੀ ਇਹ ਹੈ ਕਿ ਨਾਲ ਨਾਲ ਸਿਆਸਤ ਤੋਂ ਵੀ ਬੇਮੁੱਖ ਹੋ ਰਹੇ ਹਨ। ਇਹ ਰੁਝਾਨ ਖਤਰਨਾਕ ਹੈ। ਉਹਨਾਂ ਦੀ ਪਹੁੰਚ ਸੱਤਈ ਹੈ। ਉਹ ਡੂੰਘੇ ਕਾਰਨਾਂ ਨੂੰ ਨਹੀਂ ਸਮਝਦੇ। ਇਸਦੀ ਮਿਸਾਲ ਇਹ ਯੂਨੀਵਰਸਿਟੀ ਦੇ ਸਾਧਾਰਨ ਵਿਦਿਆਰਥੀ ਹੀ ਹਨ। ਜਦੋਂ ਮੈਂ ਉਹਨਾਂ ਕੋਲੋਂ ਪੁਛਿਆ ਕਿ ਇਹ ਕੁਰਸੀ ਭੁੱਖ ਕਿਉਂ ਹੈ ? ਤਾਂ ਉਹ ਲੀਡਰਾਂ ਦੇ ਘੱਟੀਆ ਇਖਲਾਕ ਤੋਂ ਸਿਵਾ ਕੁਝ ਨਾ ਦਸ ਸਕੇ। ਇਸ ਵਿਚ ਉਹ ਸਾਰੇ ਹੀ ਲੀਡਰਾਂ ਨੂੰ ਸ਼ਾਮਲ ਕਰਦੇ ਹਨ। ਅਸੀ ਲੋਕ, ਜੋ ਇਸ ਨਿਜ਼ਾਮ ਨੂੰ ਬਦਲਨ ਦੇ ਵਚਨਬੱਧ ਹਾਂ, ਸਾਨੂੰ ਆਪਣੀ ਗੱਲ ਕਹਿਣ ਵੇਲੇ ਇਸ ਗੱਲ ਦਾ ਧਿਆਨ ਰਖਣਾ ਚਾਹੀਦਾ ਹੈ ਕਿ ਗੱਲ ਸਤਈ ਨਾ ਰਹੇ ਸਗੋਂ ਡੂੰਘੀ ਕਾਟ ਕਰੇ। ਇਹ ਨਾਟਕ ਜਦੋਂ ਦਰਸ਼ਕ ਅਗੇ ਪੇਸ਼ ਕੀਤਾ ਗਿਆ ਤਾਂ ਮੈਂ ਇਸ ਘਾਟ ਨੂੰ ਮਹਿਸੂਸ ਕੀਤਾ। ਇਸ ਲਈ ਇਹ ਨਾਟਕ ਜਦੋਂ 24 ਜਨਵਰੀ ਦੇਸ਼ ਭਗਤ ਹਾਲ ਵਿਚ ਕੀਤਾ ਜਾਏਗਾ ਤਾਂ ਇਸ ਗਲ ਦਾ ਧਿਆਨ ਰੱਖਿਆ ਜਾਏਗਾ ਕਿ ਇਹ ਅੱਗ ਵਿਦਰੋਹ ਦੀ ਅੱਗ 'ਚ ਬਦਲੇ। ਇਹ ਗਲ ਸਿਰਫ ਕਿਸੇ ਨਾਟਕ ਜਾਂ ਸਾਹਿਤਕ ਕ੍ਰਿਤ ਤੇ ਹੀ ਨਹੀਂ ਲਾਗੂ ਹੁੰਦੀ, ਸਗੋਂ ਸਾਨੂੰ ਆਮ ਗਲ ਬਾਤ ਵਿਚ ਵੀ ਇਸ ਗਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਇਹਨਾਂ ਲੀਡਰਾਂ ਦੇ ਬੇਅਸੂਲਾਪਨ ਦਸਦੇ ਹੋਏ ਉਹਨਾਂ ਦਾ ਧਿਆਨ ਉਸ ਸਿਆਸਤ ਤੇ ਉਹਨਾਂ ਆਗੂਆਂ ਵਲ ਵੀ ਦਿਵਾਈਏ ਜੋ ਲੋਕ ਮੁਕਤੀ ਸੰਗਰਾਮ ਵਿਚ ਸਭ ਕੁਝ ਕੁਰਬਾਨ ਕਰ ਗਏ ਜਾਂ ਹੁਣ ਵੀ ਕਰ ਰਹੇ ਹਨ। ਇਹ ਨਿਖੇੜਾ ਜ਼ਰੂਰੀ ਹੈ।

### o ਮਿੱਤਰਸੈਨ ਮੀਤ ਦਾ ਨਵਾਂ ਨਾਵਲ 'ਕਾਫ਼ਲਾ'

ਅਜ ਤੋਂ ਸੋਲ੍ਹਾਂ ਸਾਲ ਪਹਿਲੇ ਜਦੋਂ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਦਾ ਕੰਮ ਅਰੰਭਿਆ ਗਿਆ ਤਾਂ ਮੁੱਢਲੀਆਂ ਪੁਸਤਕਾਂ ਜੋ ਛਾਪੀਆਂ ਗਈਆਂ ਉਹਨਾਂ

ਵਿਚ ਮਿੱਤਰਸੈਨ ਮੀਤ ਦਾ ਇਕ ਨਾਵਲ 'ਅੱਗ ਦੇ ਬੀਜ' ਸੀ। ਇਹ ਨਾਵਲ ਇਕ ਪੜ੍ਹੇ ਲਿਖੇ ਨੌਜਵਾਨ ਦੀ ਨਿਰਾਸ਼ਾਵਾਂ ਦੀ ਕਥਾ ਸੀ। ਤਕਨੀਕ ਪਖੋਂ ਕੁਝ ਘਾਟਾਂ ਹੋਣ ਤੇ ਵੀ ਇਹ ਨਾਵਲ ਯਥਾਰਥਵਾਦੀ ਸਾਹਿਤ ਦੀ ਇਕ ਬੇਹਤਰੀਨ ਮਿਸਾਲ ਸੀ। ਨੌਜਵਾਨ ਲੇਖਕ ਨੇ ਅਪਣੇ ਜੀਵਨ ਤੇ ਹੰਢਾਈਆਂ ਸਚਾਈਆਂ ਨੂੰ ਇਕ ਦਿਲਚਸਪ ਕਥਾ ਵਿਚ ਕਲਮਬੰਦ ਕੀਤਾ ਸੀ। ਮਿਤਰਸੈਨ ਮੀਤ ਦਾ ਇਕ ਹੋਰ ਨਾਵਲ 'ਕਾਫ਼ਲਾ' ਇਸੇ ਅੰਦਾਰੇ ਵਲੋਂ ਛਾਪਿਆ ਗਿਆ ਹੈ।

1973 ਵਿਚ ਲਿਖਿਆ ਇਹ ਨਾਵਲ ਦੱਬੇ ਕੁੱਚਲੇ ਲੋਕਾਂ ਦੀ ਸੰਘਰਸ਼ ਦੀ ਕਹਾਣੀ ਨੂੰ ਪੇਸ਼ ਕਰਦਾ ਹੈ ਅਤੇ ਇਹ ਕਹਾਣੀ ਇਕ ਨਾਇਕਾ ਕਰਤਾਰੋ ਦੇ ਦੁਆਲੇ ਘੁੰਮਦੀ ਹੈ, ਜੋ ਕੰਮੀਆਂ ਦੀ ਧੀ ਹੈ। ਨਾਵਲ ਦੀ ਕਥਾ ਕਈ ਪੜਾਵਾਂ ਤੋਂ ਲੰਘਦੀ ਹੈ, ਜਿਸ ਤਰ੍ਹਾਂ ਹਰ ਸੰਘਰਸ਼ ਕਈ ਪੜਾਵਾਂ ਤੋਂ ਲੰਘਦਾ ਹੈ। ਜਿਤਾਂ, ਹਾਰਾਂ, ਨਿਰਾਸ਼ਤਾਵਾਂ, ਮਜਬੂਰੀਆਂ, ਦ੍ਰਿੜਤਾ, ਵਕਤੀ ਤੌਰ ਤੇ ਡੋਲ ਜਾਣਾ, ਫੇਰ ਖੜੇ ਹੋ ਜਾਣਾ, ਅਪਣੇ ਅਜ਼ੀਜ਼ਾਂ ਦੀ ਮੌਤ ਤੇ ਹੰਝੂ ਵੀ ਵਹਾਣੇ ਪਰ ਹੰਝੂਆਂ ਨੂੰ ਰੋਹ ਵਿਚ ਬਦਲਣਾ, ਰੋਹ ਦਾ ਵਿਦਰੋਹ ਦਾ ਰੂਪ ਧਾਰਨਾ, ਇਹ ਸਭ ਕੁਝ ਇਸ ਨਾਵਲ ਦੀ ਕਥਾ ਵਿਚ ਮਿਲਦਾ ਹੈ। 190 ਸਫ਼ਿਆਂ ਦੇ ਇਸ ਨਾਵਲ ਦਾ ਹਰ ਕਾਂਡ ਅਪਣੇ ਆਪ ਵਿਚ ਇਕ ਪੂਰੀ ਕਹਾਣੀ ਪੇਸ਼ ਕਰਦਾ ਹੈ। ਸਾਹਿਤ ਅਲੋਚਨਾ ਦੇ ਮਾਹਿਰ ਇਸ ਵਿਚ ਭਾਵੁਕਤਾ, ਉਪ-ਭਾਵੁਕਤਾ, ਨਾਅਰੇਬਾਜ਼ੀ ਵਰਗੇ ਕਈ ਦੂਸ਼ਨ ਲਗਾ ਸਕਣਗੇ ਪਰ ਇਸਦੀ ਸਾਰਥਕਤਾ ਤੋਂ ਇਨਕਾਰ ਨਹੀਂ ਕਰ ਸਕਣਗੇ। ਹੁਣ ਦੇ ਪੰਜਾਬ ਵਿਚ ਚਲਦੀ ਦਹਿਸ਼ਤ-ਗਰਦੀ ਦੀ ਲਹਿਰ ਨੂੰ ਕਈ ਵਾਰੀ ਨਕਸਲਵਾਦੀ ਲਹਿਰ ਨਾਲ ਜੋੜਿਆ ਜਾਂਦਾ ਹੈ। ਕੱਤਲ ਤੇ ਹਿੰਸਾ ਨਕਸਲਵਾਦੀ ਲਹਿਰ ਵਿਚ ਵੀ ਹੋਏ ਤੇ ਹੁਣ ਵੀ ਪੰਜਾਬ ਵਿਚ ਹੋ ਰਹੇ ਹਨ ਪਰ ਜਮਾਤੀ ਲੜਾਈ ਵਿਚ ਹੋਏ ਕਤਲ ਅਤੇ ਸਿਰਫ ਦਹਿਸ਼ਤਗਰਦੀ ਲਈ ਮਾਸੂਮਾਂ ਦੇ ਕਤਲਾਂ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ ਤੇ ਇਹ ਫਰਕ ਇਸ ਨਾਵਲ ਦੀਆਂ ਘਟਨਾਵਾਂ ਨੂੰ ਪੜ੍ਹਕੇ ਇਕ ਦਮ ਸਾਹਮਣੇ ਆ ਜਾਂਦੇ ਹਨ। ਪ੍ਰਸਿਧ ਇਨਕਲਾਬੀ ਨਾਗ-ਭੂਸ਼ਨ ਪਟਨਾਇਕ ਨੇ ਇਕ ਇੰਟਰਵੀਊ ਵਿਚ ਕਿਹਾ ਸੀ ਕਿ ਜਮਾਤੀ ਸੰਘਰਸ਼ ਜਦੋਂ ਤਕ ਹੁੰਦੇ ਹਨ ਤਾਂ ਦੁਸ਼ਮਨ ਸਾਨੂੰ ਮਾਰਦਾ ਹੈ ਅਤੇ ਜਵਾਬ ਵਿਚ ਅਸੀਂ ਦੁਸ਼ਮਣ ਨੂੰ ਮਾਰਦੇ ਹਾਂ। ਇਹ ਇਸ ਸੰਘਰਸ਼ ਦਾ ਅਨਿ-ਖੜਵਾਂ ਹਿੱਸਾ ਹਨ ਪਰ ਦੇਖਣਾ ਇਹ ਹੁੰਦਾ ਹੈ ਕਿ ਹਿੰਸਾ ਦੀ ਪਹਿਲ ਕੌਣ ਕਰਦਾ ਹੈ। ਇਤਿਹਾਸ ਦੱਸਦਾ ਹੈ ਕਿ ਇਹ ਪਹਿਲ ਹਮੇਸ਼ਾ ਵਡੇ ਲੋਕਾਂ ਵਲੋਂ ਕੀਤੀ ਜਾਂਦੀ ਹੈ। ਦੱਬੇ ਕੁਚੱਲੇ ਲੋਕਾਂ ਦੀ ਜਾਗਦੀ ਚੇਤਨਾ ਦਾ ਪਹਿਲਾ ਪ੍ਰਗਟਾਵਾ ਸੰਘਰਸ਼ ਦੇ ਰੂਪ ਵਿਚ ਹੁੰਦਾ ਹੈ। ਜਦੋਂ ਕਿ ਲੁਟ ਰਹੀ ਜਮਾਤ ਅਪਣੀ ਲੁੱਟ ਨੂੰ ਚਣੌਤੀ ਦੀ ਖਬਰ ਪੈਂਦਿਆਂ ਪਹਿਲੀ ਗੱਲ ਜੋ ਸੋਚਦੀ ਹੈ ਉਹ ਸੰਘਰਸ਼ ਕਰਦੇ ਲੋਕਾਂ ਵਿਰੁਧ ਹਿੰਸਾ ਅਤੇ ਉਹਨਾਂ ਨੂੰ ਮਰਵਾਉਣ ਦੀ ਗੱਲ ਹੀ ਸੋਚਦੀ ਹੈ। ਹਿੰਸਾ ਦਾ ਮੁੱਢ ਹਮੇਸ਼ਾ ਲੁੱਟ ਰਹੀ ਜਮਾਤ ਵਲੋਂ ਹੁੰਦਾ ਹੈ। ਨਾਵਲ ਵਿਚ ਥਾਂ ਥਾਂ ਤੇ ਨਾਗਭੂਸ਼ਨ ਪਟਨਾਇਕ ਦੇ ਕਹੇ ਸ਼ਬਦਾਂ ਦੀ ਸਚਾਈ ਦਾ ਸੰਕੇਤ ਹੈ।

'ਕਾਫਲਾ' ਕੰਮੀਆਂ ਦੇ ਸੰਘਰਸ਼ ਦੀ ਕਹਾਣੀ ਹੈ। ਅੱਜ ਦੇ ਪੰਜਾਬ ਦੀ ਸਥਿਤੀ ਵਿਚ ਜਿਥੇ ਰਾਜਸੀ ਪਹਿਲ ਕੱਦਮੀ ਧਾਰਮਕ ਕੱਟੜਵਾਦੀਆਂ ਦੇ ਹੱਥ ਆਈ ਹੋਈ ਹੈ, ਇਹ ਨਾਵਲ ਉਹਨਾਂ ਲੋਕਾਂ ਲਈ ਇਕ ਸੇਧ ਸਾਬਤ ਹੋਏਗੀ ਜੋ ਇਕ ਨਿਆਂ ਵਾਲਾ ਦਸਤੂਰ ਇਸ ਸਮਾਜ ਤੇ ਲਾਗੂ ਕਰਨਾ ਚਾਹੁੰਦੇ ਹਨ। ਇਹ ਉਹਨਾਂ ਨੂੰ ਪ੍ਰੇਰਨਾ ਦੇਵੇਗਾ ਕਿ ਰਾਜਸੀ ਸੰਘਰਸ਼ ਜਮਾਤਾਂ ਦੇ ਸੰਘਰਸ਼ ਵਲ ਮੋੜਿਆ ਜਾਏ। ਜੁਝਾਰੂ ਸਾਹਿਤ ਵਿਚ ਇਹ ਨਾਵਲ ਇਕ ਨਿੱਘਰ ਵਾਧਾ ਹੈ।

o **ਭਾਰਤ ਦਾ ਨਿਕੰਮਾ ਕਾਨੂੰਨੀ ਸਿੱਸਟਮ, ਗਵਾਹ ਅਤੇ ਚਸ਼ਮਦੀਦ ਗਵਾਹ ਨਾ ਹੋਣ ਤੇ ਨਵੰਬਰ 1984 ਦੇ ਦੋਸ਼ੀ ਸਾਫ ਬਰੀ ਪਰ ਸਤੰਵਤ ਸਿੰਘ, ਬਲਬੀਰ ਸਿੰਘ ਅਤੇ ਕੇਹਰ ਸਿੰਘ ਦੇ ਮੁਕੱਦਮੇ ਵਿਚ ਮੁਕੱਦਮੇ ਤੋਂ ਬਾਹਰ ਜਾਕੇ ਇਹਨਾਂ ਤਿੰਨਾਂ ਨੂੰ ਦਿੱਲੀ ਕਤਲੇਆਮ ਦਾ ਜ਼ਿਮੇਵਾਰ ਠਹਿਰਾਣਾ** –ਇਹ ਸਭ ਕੁਝ ਭਾਰਤ ਦੀ ਕਚੈਹਰੀਆਂ ਵਿਚ ਚਲਦਾ ਹੈ। 16 ਦਸੰਬਰ ਦੀ ਪੰਜਾਬੀ ਟਰੀਬਿਊਨ ਵਿਚ ਅਜੋਕੀ ਗਲ ਦੇ ਕਾਲਮ ਹੇਠ ਐਮ. ਪੀ. ਸਿੰਘ ਦਾ ਇਕ ਲੇਖ ਹੈ। ਕਿਸੇ ਪੁਲਸ ਕਰਮਚਾਰੀ ਦੀ ਤਰੱਕੀ ਇਸ ਗੱਲ ਤੇ ਨਿਰਭਰ ਹੈ ਕਿ ਉਹ ਅਫੀਮ, ਭੁੱਕੀ, ਪਿਸਤੌਲ, ਚਾਕੂ ਆਦਿਕ ਦੀ ਬਰਾਮਦਗੀ ਦੇ ਵੱਧ ਤੋਂ ਵੱਧ ਕੇਸ ਕਚੈਹਰੀਆਂ ਵਿਚ ਕਾਮਯਾਬ ਕਰਵਾਏ। ਇਹ ਕੇਸ ਤਾਂ ਹੀ ਕਾਮਯਾਬ ਹੋ ਸਕਦੇ ਹਨ ਕਿ ਚਸ਼ਮਦੀਦ ਗਵਾਹਾਂ ਦੀ ਗਵਾਹੀ ਹੋਵੇ। ਕੋਈ ਇਜ਼ਤਦਾਰ ਬੰਦਾ ਸਰਕਾਰੀ ਗਵਾਹ ਬਣਕੇ ਰਾਜ਼ੀ ਨਹੀਂ, ਇਸ ਲਈ ਦਸ ਨੰਬਰੀਏ ਦਬਾਅ ਥੱਲੇ ਜਾਂ ਪੈਸੇ ਦੇ ਲਾਲਚ ਥਲੇ ਝੂਠੇ ਗਵਾਹ ਬਣਾਏ ਜਾਂਦੇ ਹਨ, ਜੇ ਗਵਾਹ ਹੀ ਝੂਠੇ ਹਨ ਤਾਂ, ਫੇਰ ਸਾਰਾ ਮੁਕੱਦਮਾ ਹੀ ਝੂਠਾ ਹੋ ਜਾਂਦਾ ਹੈ, ਅਗੋਂ ਜੇ ਮੁਕਦਮਾ ਹੀ ਝੂਠਾ ਹੈ ਤਾਂ ਇਨਸਾਫ ਨੇ ਆਪੇ ਹੀ ਝੂਠੇ ਹੋਣਾ ਹੋਇਆ। ਇਸਦੇ ਉੱਲਟ ਜੇਕਰ ਮੁਕੱਦਮਾ ਸੱਚਾ ਹੈ, ਪੁਲਸ ਵਾਲੇ

ਚਾਹੁਣ ਤਾਂ ਸੱਚੇ ਗਵਾਹ ਨੂੰ ਡਰਾ ਧਮਕਾਕੇ ਜਾਂ ਹੋਰ ਕੋਈ ਹੁੱਰਬਾ ਵਰਤਕੇ ਅਸਲ ਦੋਸ਼ੀ ਨੂੰ ਸ਼ਕ ਦਾ ਫਾਇਦਾ ਦੇਂਦੇ ਹੋਏ ਸਾਫ ਬਰੀ ਕਰਵਾ ਲੈਂਦੇ ਹਨ।ਦਿੱਲੀ ਦੇ ਤ੍ਰਿਲਕ ਨਗਰ ਦੀ ਆਬਾਦੀ ਵਿਚ ਨਵੰਬਰ 1984 ਦੀਆਂ ਘਟਨਾਵਾਂ ਦੇ ਜ਼ਿੰਮੇਵਾਰ ਪੰਜ ਦੋਸ਼ੀਆਂ ਨੂੰ ਜੱਜ ਨੇ ਸਾਫ ਬਰੀ ਕਰ ਦਿੱਤਾ ਹੈ ਕਿ ਗਵਾਹੀ ਭਰੋਸੇਯੋਗ ਨਹੀਂ। ਇਕ ਟੱਬਰ ਦੇ ਤਿੰਨ ਜੀਅ : ਇਕ ਬਾਪ, ਦੋ ਪੁਤਰਾਂ ਨੂੰ ਉਸ ਟੱਬਰ ਦੀਆਂ ਔਰਤਾਂ ਦੇ ਸਾਹਮਣੇ ਕੱਤਲ ਕੀਤਾ ਗਿਆ। ਪਬਲਿਕ ਦਬਾਅ ਥੱਲੇ ਜਾਂ ਅੱਖਾਂ ਵਿਚ ਘੱਟਾ ਪਾਉਣ ਦੀ ਖਾਤਿਰ ਕੁਝ ਦੋਸ਼ੀਆਂ ਵਿਰੁੱਧ ਮੁਕੱਦਮਾ ਦਾਇਰ ਕੀਤਾ ਗਿਆ ਪਰ ਦੋਸ਼ੀਆਂ ਨੂੰ ਇਸ ਲਈ ਬਰੀ ਕਰ ਦਿਤਾ ਗਿਆ ਕਿ ਮਾਂ ਅਤੇ ਨੂੰਹਾਂ ਕੋਲੋਂ ਕੁਝ ਬੰਦਿਆਂ ਦੀ ਇਕ ਪਰੇਡ ਵਿਚ ਦੋਸ਼ੀਆਂ ਦੀ ਸਹੀ ਪਛਾਣ ਨਹੀਂ ਹੋ ਸਕੀ। ਹੋ ਸਕਦਾ ਹੈ ਕਿ ਦੋਸ਼ੀਆਂ ਵਲੋਂ ਕਤਲਿਆਮ ਕਰਨ ਵੇਲੇ ਦਾੜ੍ਹੀਆਂ ਨਾ ਰੱਖੀਆਂ ਹੋਣ ਤੇ ਹੁਣ ਉਹਨਾਂ ਦੀਆਂ ਦਾੜ੍ਹੀਆਂ ਆ ਗਈਆਂ ਹੋਣ ਜਾਂ ਹੋਰ ਵੀ ਕੋਈ ਭੇਸ ਬਦਲਿਆ ਹੋਵੇ ਤਾਂ ਗ਼ਮ ਵਿਚ ਡੁੱਬੀਆਂ ਔਰਤਾਂ ਕੋਲ ਪਹਿਚਾਣ ਨਾ ਹੋ ਸਕੀ ਹੋਵੇ ਸੋ ਇਸ ਇਨਸਾਫ ਦੀ ਪ੍ਰਣਾਲੀ ਵਿਚ ਇਹ ਅਧਿਕਾਰੀਆਂ ਉਤੇ ਹੀ ਨਿਰਭਰ ਹੈ ਕਿ ਕਿਸਨੂੰ ਸਜ਼ਾ ਦਿਵਾਉਣੀ ਹੈ ਤੇ ਕਿਸ ਨੂੰ ਨਹੀਂ। ਇਸੇ ਤਰ੍ਹਾਂ ਜੱਜ ਜਿਨ੍ਹਾਂ ਬਾਰੇ ਪਹਿਲੀ ਪਹਿਚਾਣ ਇਹ ਹੁੰਦੀ ਹੈ ਕਿ ਉਹ ਨਿਰਪੱਖ ਹੋਣ, ਪਰ ਉਹਨਾਂ ਦੀ ਤਰੱਕੀ ਵੀ ਇਸ ਗੱਲ ਤੇ ਨਿਰਭਰ ਹੁੰਦੀ ਹੈ ਕਿ ਉਹ ਹਕੂਮਤੀ ਪਾਰਟੀ ਦੀ ਕਿੰਨੀ ਕੁ ਖੁਸ਼ਨੂਦੀ ਹਾਸਿਲ ਕਰ ਸਕਦਾ ਹੈ। ਇਸਦੀ ਮਿਸਾਲ ਇੰਦਰਾ ਗਾਂਧੀ ਦੇ ਹੱਤਿਆਕਾਂਡ ਦੇ ਦੋਸ਼ੀਆਂ ਨੂੰ ਸਜ਼ਾ ਦੇ ਐਲਾਨ ਵਿਚ ਜੱਜ ਵਲੋਂ ਇਸ ਐਲਾਨ ਵਿਚ ਮਿਲਦੀ ਹੈ ਇਹਨਾਂ ਦੋਸ਼ੀਆਂ ਦਾ ਜੁਰਮ ਹੋਰ ਵੀ ਵਡਾ ਹੋ ਜਾਂਦਾ ਹੈ ਕਿ ਇਹਨਾਂ ਦੇ ਇਸ ਕਾਰਵਾਈ ਨਾਲ ਬਾਅਦ ਵਿਚ ਹਜ਼ਾਰਾਂ ਬੇਦੋਸ਼ਿਆਂ ਨੂੰ ਅਪਣੀ ਜਾਨ ਤੋਂ ਹੱਥ ਧੋਣਾ ਪਿਆ, ਭਾਵ ਕਿ ਉਹਨਾਂ ਸਾਰੇ ਕਾਂਗਰਸੀ ਲੀਡਰਾਂ ਅਤੇ ਗੁੰਡਿਆਂ (ਵਿਚਾਰਿਆਂ) ਦਾ ਕੋਈ ਕਸੂਰ ਨਹੀਂ ਜੇਕਰ ਉਹਨਾਂ ਨੇ ਬੇਦੋਸ਼ਿਆਂ ਦੇ ਕੱਤਲ ਕੀਤੇ ਹਨ। ਇਹ ਜ਼ਿੰਮੇਵਾਰੀ ਵੀ ਇਹਨਾਂ ਸਿੰਘਾਂ ਤੇ ਆਂਦੀ ਹੈ। ਇਸ ਜੱਜ ਦੀ ਇਸ ਜਜਮੈਂਟ ਪਿਛੇ ਤਰੱਕੀ ਦੀ ਝਾਕ ਸਪਸ਼ਟ ਜ਼ਾਹਰ ਹੁੰਦੀ ਹੈ, ਜੇ ਇਹ ਨਾ ਹੁੰਦੀ ਤਾਂ ਮੁਕੱਦਮੇ ਦੇ ਬਾਹਰ ਜਾਕੇ ਇਹ ਗੱਲ ਨਾ ਲਿਖਵਾਣੀ ਪੈਂਦੀ। ਭਾਰਤ ਭਰ ਦੇ ਬੁਧੀਜੀਵਾਂ ਵਿਚੋਂ ਇਕ ਵਡੀ ਗਿਣਤੀ ਵਕੀਲਾਂ ਅਤੇ ਜੱਜਾਂ ਦੀ ਸ਼ਕਲ ਵਿਚ ਇਸ ਪੇਸ਼ੇ ਵਿਚ ਹੈ, ਇਹਨਾਂ ਵਿਚੋਂ ਬਹੁਤੇ ਅਗਾਂਹ ਵਧੂ ਹੋਣ ਦਾ ਵੀ ਦਾਅਵਾ ਕਰਦੇ ਹਨ। ਪਰ ਅਫਸੋਸ ਦੀ ਗੱਲ ਹੈ ਅਤੇ ਸ਼ਰਮ ਦੀ ਵੀ ਗੱਲ ਹੈ ਕਿ ਇਸ ਝੂਠ ਅਧਾਰਤ ਇਨਸਾਫ ਪ੍ਰਣਾਲੀ ਦੇ ਵਿਰੁੱਧ ਇਹਨਾਂ ਚਾਲ੍ਹੀ ਸਾਲਾਂ ਵਿਚ ਇਕ ਵੀ ਅੰਦੋਲਨ ਲਾਮਬੰਦ ਨਹੀਂ ਕੀਤਾ ਗਿਆ। ਇਸ ਬੁਜ਼ਦਿਲੀ ਉਤੇ 'ਸਿਸਟਮ ਦੀ ਦੇਣ' ਕਹਿਕੇ ਪਰਦਾ ਨਹੀਂ ਪਾਇਆ ਜਾ ਸਕਦਾ।

**੦ ਸੰਤ ਰਾਮ ਉਦਾਸੀ ਦੀ ਯਾਦ ਵਿਚ ਰੀਲੀਜ਼ ਕੀਤੀ ਗਈ ਕੈਸਟ 'ਸ਼ਰਧਾਂਜਲੀ' :**

ਉਦਾਸੀ ਦੀ ਅਪਣੀ ਆਵਾਜ਼ ਵਿਚ ਸਾਂਭੇ ਹੋਏ ਉਹਦੇ ਗੀਤ ਉਸ ਰੀਕਾਰਡ ਵਿਚ ਹਨ ਜੋ 1981 ਵਿਚ ਕੈਨੇਡਾ ਵਿਚ ਬਣਾਇਆ ਗਿਆ ਜਦੋਂ ਉਦਾਸੀ ਉਸ ਦੇਸ਼ ਵਿਚ ਗਿਆ। ਉਸ ਵੇਲੇ ਇਹ ਕੋਈ ਨਹੀਂ ਸੀ ਜਾਣਦਾ ਕਿ ਈਪਾਨਾ ਅਤੇ ਬਰਤਾਨੀਆ ਦੀ ਭਾਰਤੀ ਮਜ਼ਦੂਰ ਸਭਾ ਦੇ ਯਤਨਾਂ ਨਾਲ ਤਿਆਰ ਕੀਤਾ ਇਹ ਰੀਕਾਰਡ ਪੰਜਾਬ ਦੇ ਜੁਝਾਰੂ ਸਭਿਆਚਾਰਕ ਵਿਰਸੇ ਵਿਚ ਇਕ ਅਣਮੁੱਲੀ ਦਾਤ ਹੋ ਨਿਬੜੇਗਾ। ਈਪਾਨਾਂ ਅਤੇ ਬਰਤਾਨੀਆਂ ਦੀ ਭਾਰਤੀ ਮਜ਼ਦੂਰ ਸਭਾ ਇਸ ਦੂਰ ਦ੍ਰਿਸ਼ਟੀ ਲਈ ਸਾਡੇ ਰਿਣ ਦੇ ਹੱਕਦਾਰ ਹਨ। ਇਹ ਰੀਕਾਰਡ 45 ਮਿੰਟਾਂ ਦਾ ਹੈ। ਇਸ ਵਿਚ ਉਦਾਸੀ ਦੇ ਪ੍ਰਸਿੱਧ ਗੀਤ ਚੂੜੀਆਂ ਦਾ ਹੋਕਾ, ਦੇਸ਼ ਹੈ ਪਿਆਰਾ, ਅੰਮੜੀ ਨੂੰ ਸੁਨਿਹਾ, ਦਿਲੀਏ ਦਿਆਲਾ ਦੇਖ, ਡੋਲੀ, ਮਾਂ ਧਰਤੀਏ, ਉੱਠ ਕਿਰਤੀਆ ਉਠ ਵੇ, ਜੱਟ ਦੇ ਸੀਰੀਂ, ਲੋਕੋ ਬਾਜ ਆ ਜਾਓ ਝੂਠੇ ਲੀਡਰਾਂ ਤੋਂ, ਮਾਰੇ ਗਏ ਮਿਤਰਾਂ ਦੇ ਪਿੰਡ ਦੀ ਵਾਏ, ਮੈਨੂੰ ਰਹਿਣ ਦੇ ਮਾਏ ਮੇਰੇ ਦੇਸ। ਇਹਨਾਂ ਗੀਤਾਂ ਨੂੰ ਆਧਾਰ ਬਣਾ ਕੇ ਗੁਰਸ਼ਰਨ ਸਿੰਘ ਨੇ ਆਪਣੇ ਵਲੋਂ ਹਰ ਗੀਤ ਬਾਰੇ ਕੁਝ ਸ਼ਬਦ, ਉਦਾਸੀ ਦੀਆਂ ਪ੍ਰਸਿਧ ਲੰਮੀਆਂ ਕਵਿਤਾਵਾਂ ਸ਼ਿਕਵਾ ਅਤੇ ਔਰੰਗਜ਼ੇਬ ਨੂੰ ਖਤ ਗੁਰੂ ਗੋਬਿੰਦ ਸਿੰਘ ਦਾ ਅਤੇ ਉਦਾਸੀ ਦੀਆਂ ਕਵਿਤਾਵਾਂ ਵਿਚੋਂ ਕੁਝ ਚੋਣਵੀਆਂ ਟੁਕੜੀਆਂ ਬੋਲ ਕੇ ਇਕ ਘੰਟੇ ਦੀ ਕੈਸਟ ਤਿਆਰ ਕੀਤੀ ਹੈ, ਜੋ 13 ਦਸੰਬਰ ਵਿਦਿਆਰਥੀ ਸ਼ਹੀਦ ਜਗਤਾਰ ਦੇ ਜੱਦੀ ਪਿੰਡ ਆਸੀ ਕਲਾਂ ਵਿਚ ਹੋਏ ਇਕ ਸਮਾਗਮ ਵਿਚ ਰੀਲੀਜ਼ ਕੀਤੀ ਗਈ ਹੈ। ਇਹ ਗੁਰਸ਼ਰਨ ਸਿੰਘ ਵਲੋਂ ਅਪਣੇ ਉਸ ਕਵੀ ਤੇ ਗੀਤਕਾਰ ਦੋਸਤ ਨੂੰ ਸ਼ਰਧਾਂਜਲੀ ਹੈ ਜੋ ਉਪਰ ਦੇ ਪਿਛਲੇ ਪੜਾਅ ਵਿਚ ਘਰੇਲੂ ਮਜਬੂਰੀਆਂ ਕਰਕੇ ਕੁਝ ਥਿੜਕ ਵੀ ਗਿਆ ਸੀ ਪਰ ਪੰਜਾਬ ਦੇ ਜੁਝਾਰੂ ਸਾਹਿਤ ਵਿਚ ਉਹਦੀ ਦੇਣ ਨੂੰ ਵਡਮੁੱਲਾ ਗਿਣਿਆ ਗਿਆ ਹੈ। ਉਹ ਜੁਝਾਰੂ ਲਹਿਰ ਵਰਾਸਤ ਹੈ ਤੇ ਉਸਨੂੰ ਆਉਣ ਵਾਲੇ ਸਮਿਆਂ ਲਈ ਸਾਂਭਣਾ ਇਸੇ ਲਹਿਰ ਦਾ ਹੀ ਫਰਜ਼ ਹੈ।

### ੦ ਫਿਲਮ ਅਭਿਨੇਤਰੀ ਸਮਿਤਾ ਪਾਟਿਲ ਦੀ ਵੇਂਕਤੀ ਮੌਤ ਤੇ

ਫਿਲਮ ਮਧਿਅਮ ਇਕ ਸ਼ਕਤੀਸ਼ਾਲੀ ਮਧਿਅਮ ਹੈ ਜੋ ਵਡੇ ਪੈਮਾਨੇ ਤੇ ਆਪਣਾ ਚੰਗਾ ਤੇ ਮਾੜਾ ਅਸਰ ਲੋਕਾਂ ਤੇ ਰਖਦਾ ਹੈ। ਭਾਵੇਂ ਬਹੁਤੀ ਫਿਲਮ ਇੰਡਸਟਰੀ ਹੋਰਨਾਂ ਵਪਾਰਕ ਅਦਾਰਿਆਂ ਵਾਕੁਨ ਮੁਨਾਫੇ ਦੇ ਆਸ਼ੇ ਨਾਲ ਹੀ ਚਲਾਈ ਜਾਂਦੀ ਹੈ ਪਰ ਇਹ ਸਚਾਈ ਹੈ ਇਸ ਇੰਡਸਟਰੀ ਨਾਲ ਕਾਫੀ ਗਿਣਤੀ ਵਿਚ ਸਮਾਜਕ ਤੌਰ ਤੇ ਚੇਤਨ ਲੋਕ ਜੁੜੇ ਹੋਏ ਹਨ ਜੋ ਸੀਮਤ ਦਾਇਰੇ ਵਿਚ ਦੱਬੇ ਕੁੱਚਲੇ ਲੋਕਾਂ ਦੀ ਮੁਕਤੀ ਲਈ ਆਪਣੀ ਸਮਰੱਥਾ ਅਨੁਸਾਰ ਹਿੱਸਾ ਪਾਉਂਦੇ ਹਨ। ਸਮਿਤਾ ਪਾਟਿਲ ਫਿਲਮ ਇੰਡਸਟਰੀ ਵੀ ਉਹਨਾਂ ਚੇਤਨ ਵਿਯਕਤੀਆਂ ਵਿਚੋਂ ਇਕ ਸੀ ਜਿਸਨੇ ਪੈਸਾ ਪ੍ਰਧਾਨ ਅਤੇ ਨਾਲ ਹੀ ਮਰਦ ਪ੍ਰਧਾਨ ਸਮਾਜ ਦੇ ਦੂਹਰੇ ਜਬਰ ਦੀ ਸ਼ਿਕਾਰ ਇਸਤਰੀ ਦੀ ਮੁਕਤੀ ਨਾਲ ਆਪਣੀਆਂ ਭਾਵਨਾਵਾਂ ਨੂੰ ਇਕ ਵਚਨਬੱਧਤਾ ਨਾਲ ਜੋੜਿਆ। ਆਪਣੀਆਂ ਬਹੁਤ ਸਾਰੀਆਂ ਫਿਲਮਾਂ ਵਿਚ ਉਸਨੇ ਆਪਣੀ ਉੱਤਮ ਅਭੀ-ਨੈਕਲਾ ਰਾਹੀਂ ਇਸ ਵਚਨਬੱਧਤਾ ਨੂੰ ਨਿਭਾਇਆ। ਉਸ ਵਲੋਂ ਸਮੇਂ ਸਮੇਂ ਕਹੀਆਂ ਕੁਝ ਗੱਲਾਂ ਸ. ਸ. ਸੰਧੂ ਨੇ ਇਕ ਥਾਂ ਇਕੱਠੀਆਂ ਕੀਤੀਆਂ ਹਨ ਜੋ ਪੰਜਾਬੀ ਟਰੀਬਿਊਨ ਦੇ ਧੰਨਵਾਦ ਸਾਹਿਤ ਇਥੇ ਸਮਤਾ ਦੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ।

੦ ਸਾਡੇ ਮਰਦ-ਪ੍ਰਧਾਨ ਸਮਾਜ ਦੀ ਇਸ ਧਾਰਨਾ ਉਪਰ ਮੈਨੂੰ ਸਖ਼ਤ ਕਿੰਤੂ ਹੈ ਕਿ ਔਰਤਾਂ ਮੂਲ ਰੂਪ 'ਚ ਇੰਟੈਲੀਜੈਂਟ ਨਹੀਂ ਹੁੰਦੀਆਂ। ਮੈਂ ਤਾਂ ਕਹਾਂਗੀ ਕਿ ਔਰਤਾਂ ਮਰਦਾਂ ਨਾਲੋਂ ਵੀ ਵੱਧ ਸੈਂਸੀਕਲ ਹੁੰਦੀਆ ਹਨ।

੦ ਫਿਲਮਾਂ ਵਿਚ ਔਰਤ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਦੁੱਖ ਦੀ ਗੱਲ ਹੈ ਕਿ ਅਸੀਂ ਔਰਤ ਦੀ ਆਜ਼ਾਦੀ ਦੀਆਂ ਗੱਲਾਂ ਬਹੁਤ ਕਰਦੇ ਹਾਂ ਪਰ ਅਮਲ ਨਹੀਂ ਕਰਦੇ। ਔਰਤ ਹਮੇਸ਼ਾਂ ਤਰਸ ਦੀ ਪਾਤਰ ਕਿਉਂ ਦਿਖਾਈ ਜਾਏ? ਖੁਸ਼ੀ ਦੀ ਗੱਲ ਹੈ ਇਸ ਰੁਝਾਣ ਨੂੰ ਕੁਝ ਔਰਤ ਪ੍ਰਧਾਨ ਫਿਲਮਾਂ ਨੇ ਤੋੜਿਆ ਹੈ। ਔਰਤ ਦੇ ਅੰਦਰ ਅਤਿਆਚਾਰ ਦੇ ਵਿਰੁੱਧ ਹੌਲੀ ਹੌਲੀ ਅੱਗ ਭੜਕਦੀ ਹੈ। ਸੁਬ੍ਹਾ, ਹਾਦਸਾ ਫਿਲਮਾਂ ਅਜਿਹੀਆਂ ਮਿਸਾਲਾਂ ਹਨ।

੦ ਕਲਾ ਫ਼ਿਲਮਾਂ ਬਾਰੇ ਪਹਿਲੇ ਇਹ ਕਿਹਾ ਜਾਂਦਾ ਸੀ ਕਿ ਉਹ ਸਿਰਫ ਕੁਝ ਬੁਧੀਜੀਵੀਆਂ ਨੂੰ ਹੀ ਟੁੰਬਦੀਆਂ ਹਨ ਪਰ ਸਮੇਂ ਨਾਲ ਇਹ ਸਾਧਾਰਨ ਤੋਂ ਸਾਧਾਰਨ ਲੋਕਾਂ ਵਿਚ ਵੀ ਚਾਹੀਆਂ ਜਾਣ ਲੱਗੀਆਂ। ਕਲਾ ਫਿਲਮਾਂ ਸਾਡੀ ਆਮ ਜ਼ਿੰਦਗੀ ਦੇ ਬਹੁਤ ਕਰੀਬ ਹੁੰਦੀਆਂ ਹਨ। ਜੀਵਨ ਦੀ ਸਚਾਈ ਨੂੰ ਜੇ ਹੂ-ਬ-ਹੂ ਨਹੀਂ ਤਾਂ ਘੱਟੋ ਘੱਟ ਸੱਚਾਈ ਦੇ ਨੇੜੇ ਤੇੜੇ ਰਖਣ ਦੀ ਕੋਸ਼ਸ਼ ਹੁੰਦੀ ਹੈ। ਦਰਸ਼ਕਾਂ ਨੇ ਵੀ ਫਿਲਮਾਂ ਦੇ ਜ਼ਰੀਏ ਕੋਰੀ ਭਾਵੁਕਤਾ ਨਹੀਂ, ਬਲਕਿ ਯਥਾਰਥ ਨੂੰ ਦੇਖਣ ਤੇ ਮਹਿਸੂਸਣ ਦੀ ਉਤਸੁਕਤਾ ਵਿਖਾਈ ਤਦੋਂ ਕਮਰਸ਼ਲ ਸਿਨਮੇ ਦੇ ਨਾਲ ਨਾਲ ਕਲਾ ਸਿਨਮੇ ਦੀਆਂ ਡੂੰਘੀਆਂ ਜੜ੍ਹਾਂ ਲੱਗਦੀਆਂ ਜਾ ਰਹੀਆਂ ਹਨ।

੦ ਮੈਂ ਕਮਰਸ਼ੀਅਲ ਸਿਨਮੇ ਦੀ ਵਿਰੋਧੀ ਨਹੀਂ ਤਾਂ ਲੇਕਿਨ ਹਿੰਸਾ, ਅਸ਼ਲੀਲਤਾ ਤੇ ਅਪਰਾਧੀ ਮਾਨਸਿਕਤਾ ਦੇਣ ਵਾਲੇ ਕਮਰਸ਼ੀਅਲ ਸਿਨਮੇ ਦਾ ਮੈਂ ਸਖਤ ਵਿਰੋਧ ਕਰਦੀ ਹਾਂ। ਮੇਰੇ ਚੱਕਰ ਵਿਚਲੇ ਨਹਾਉਣ ਦੇ ਦ੍ਰਿਸ਼ਾਂ ਨੂੰ ਕਈ ਸਿਨੇ ਅਲੋਚਕਾਂ ਨੇ ਅਸ਼ਲੀਲ ਆਖਿਆ ਪਰ ਅਜਿਹਾ ਨਹੀਂ ਸੀ। ਝੁੱਗੀਆਂ ਬਸਤੀਆਂ 'ਚ ਰਹਿੰਦੀਆਂ ਔਰਤਾਂ ਦਾ ਜੀਵਨ ਇਸੇ ਪ੍ਰਕਾਰ ਦਾ ਹੈ। ਮੈਂ ਉਹਨਾਂ ਦੇ ਕਰੈਕਟਰ ਨਾਲ ਇਨਸਾਫ ਕਰਨ ਦਾ ਯਤਨ ਕੀਤਾ ਹੈ।

੦ ਕਲਾ ਫਿਲਮਾਂ ਦੇ ਨਾਲ ਨਾਲ ਮੈਂ ਕਮਰਸ਼ੀਅਲ ਫ਼ਿਲਮਾਂ ਇਸ ਮਕਸਦ ਲਈ ਕਰ ਰਹੀ ਹਾਂ ਕਿ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਤਕ ਮੇਰੇ ਉਦੇਸ਼ ਦੀ ਪਹੁੰਚ ਹੋ ਸਕੇ। ਮੈਂ ਆਮ ਦਰਸ਼ਕ ਦੇ ਏਨਾ ਕਰੀਬ ਪਹੁੰਚਣਾ ਚਾਹੁੰਦੀ ਹਾਂ ਕਿ ਕੋਈ ਦੂਰੀ ਨਾ ਰਹੇ।

੦ ਬੰਧਨ ਸਿਰਫ ਸੱਤ ਫੇਰਿਆਂ ਨਾਲ ਨਹੀਂ ਹੋ ਜਾਂਦਾ। ਸ਼ਾਦੀ ਦੀ ਰਸਮ ਤਾਂ ਬੇਹੱਦ ਮਾਮੂਲੀ ਹੈ, ਫਾਰਮੈਲਟੀ ਹੈ। ਦੋ ਇਨਸਾਨ ਜੇ ਇਕ ਦੂਜੇ ਨਾਲ ਮਾਨਸਿਕ ਤੇ ਰੂਹਾਨੀ ਤੌਰ ਤੇ ਜੁੜ ਜਾਂਦੇ ਹਨ ਤਾਂ ਦੁਨੀਆਂ ਵਿਚ ਇਸ ਤੋਂ ਵੱਡੀ ਖੁਸ਼ੀ ਜਾਂ ਪ੍ਰਾਪਤੀ ਹੋਰ ਕੀ ਹੋ ਸਕਦੀ ਹੈ।

ਚੱਕਰ ਦੀ ਸ਼ੂਟਿੰਗ ਚਲ ਰਹੀ ਸੀ। ਮੈਂ ਬਸਤੀ 'ਚੋਂ ਲੰਘ ਰਹੀ ਸਾਂ। ਕਿਸੇ ਪਿੰਡ ਤੋਂ ਆ ਰਹੀ ਸਾਂ। ਕੋਲ ਬੱਚਾ ਸੀ। ਕੈਮਰਾ ਇਕ ਗੁੱਠੇ ਛੁਪਾਕੇ ਫਿਟ ਕੀਤਾ ਹੋਇਆ ਸੀ। ਇਕ ਥਾਂ ਰੁੱਕਕੇ ਮੈਂ ਪਾਣੀ ਮੰਗਣਾ ਸੀ। ਬਸਤੀ ਦੀ ਇਕ ਔਰਤ ਨੇ ਮੈਨੂੰ ਚਾਈਂ ਚਾਈਂ ਪਾਣੀ ਦਿਤਾ ਤੇ ਬੈਠਣ ਲਈ ਕਿਹਾ। ਪੁਛਣ ਲਗੀ ਕਿ ਕਿਥੋਂ ਆਈ ਹੈਂ ਤੇ ਕਿਥੇ ਜਾਣਾ ਹੈ। ਝੁੱਗੀ 'ਚ ਰਹਿਣ ਲਈ ਥਾਂ ਦੇਣ ਦੀ ਵੀ ਪੇਸ਼ ਕੀਤੀ। ਉਹ ਇਕ ਸਾਦਾ ਦਿਲ ਔਰਤਾਂ ਦੀ ਹਮਦਰਦੀ ਸੀ, ਜਿਸ ਤੋਂ ਸੌ ਦੌਲਤਾਂ ਵਾਰੀਆਂ ਜਾ ਸਕਦੀਆਂ ਹਨ। ਜਦ ਉਸ ਔਰਤ ਨੂੰ ਬਾਅਦ ਵਿਚ ਪਤਾ ਲਗਾ ਕਿ ਇਹ ਤਾਂ ਕੋਈ ਫਿਲਮ ਫਿਲਮਾਈ ਜਾ ਰਹੀ ਸੀ ਤਾਂ ਉਸ ਨੂੰ ਸੱਦਮਾ ਪੁਜਿਆ। ਕਿਸੇ ਸਾਦਾ ਦਿਲ ਬੰਦੇ ਨਾਲ ਧੋਖਾ ਕਰਨਾ ਕਿਨ੍ਹਾ ਵੱਡਾ ਗੁਨਾਹ ਹੈ ਇਸ ਦਾ ਅਹਿਸਾਸ ਮੈਨੂੰ ਉਸ ਦਿਨ ਬੜੀ ਸ਼ਿੱਦਤ ਨਾਲ ਹੋਇਆ। ਮੈਂ ਆਪਣੇ ਆਪ ਨੂੰ ਉਸ ਔਰਤ ਦਾ ਵਿਸ਼ਵਾਸ ਤੋੜਨ ਲਈ ਗੁਨਾਹਗਾਰ ਸਮਝਦੀ ਹਾਂ।

# ਹਾਕਮ ਜਮਾਤਾਂ ਦੀ ਛਤਰਛਾਇਆ ਹੇਠ ਪਲਦੇ ਫਿਰਕੂ ਜਨੂੰਨ ਦਾ ਵਿਰੋਧ ਕਰੋ

## (ਕੈਨੇਡਾ ਦੀਆਂ ਦੋ ਸੰਸਥਾਵਾਂ ਵਲੋਂ ਜਾਰੀ ਕੀਤਾ ਦਸਤਾਵੇਜ਼)

ਇਹ ਸਚਾਈ ਕਿਸੇ ਤੋਂ ਛੁਪੀ ਨਹੀਂ ਕਿ ਲੁੱਟ ਖਸੁੱਟ ਦੀ ਰਾਜਨੀਤੀ ਉਤੇ ਚੱਲਣ ਵਾਲੀਆਂ ਹਾਕਮ ਜਮਾਤਾਂ ਆਪਣੀ ਕੁਰਸੀ ਦੀ ਉਮਰ ਲੰਬੀ ਕਰਨ ਲਈ ਸਮੇਂ ਸਮੇਂ ਅਜਿਹੀਆਂ ਸਾਜ਼ਸ਼ਾਂ ਰਚਦੀਆਂ ਹਨ ਕਿ ਲੋਕਾਂ ਦਾ ਉਹਨਾਂ ਵਿਰੁੱਧ ਗੁੱਸਾ ਕਿਤੇ ਲੋਕ ਸੰਘਰਸ਼ ਵਿਚ ਨਾ ਬਦਲ ਜਾਵੇ। ਕੌਮੀ ਜਨੂੰਨ ਨੂੰ ਪੈਦਾ ਕਰਨ ਲਈ ਅਜਿਹਾ ਮਹੌਲ ਇਹ ਕਦੇ ਫਰਜ਼ੀ ਬਾਹਰੀ ਜਾਂ ਅੰਦਰੂਨੀ ਖਤਰੇ ਦਾ ਹਊਆ ਪੈਦਾ ਕਰਕੇ ਕਰਦੀਆਂ ਨੇ ਤਾਂਕਿ ਆਮ ਲੋਕਾਂ ਦੀਆਂ ਗੁੱਸੇ ਦੀਆਂ ਭਾਵਨਾਵਾਂ ਨੂੰ ਇਕ ਅਖੌਤੀ ਦੁਸ਼ਮਣ ਵੱਲ ਕੇਂਦਰਤ ਕੀਤਾ ਜਾਵੇ।

ਹਾਕਮ ਜਮਾਤਾਂ ਵੱਲੋਂ ਕੌਮੀ ਛਾਵਨਵਾਦ, ਧਾਰਮਿਕ ਜਨੂੰਨ, ਫਿਰਕਾਪ੍ਰਸਤੀ ਅਤੇ ਘੱਟ-ਗਿਣਤੀ ਲੋਕਾਂ ਉਪਰ ਅਤਿਆਚਾਰ ਵਰਗੇ ਵਰਤੇ ਜਾਂਦੇ ਕੋਝੇ ਹਥਿਆਰ ਇਹ ਸਿੱਧ ਕਰਦੇ ਹਨ ਕਿ ਭਾਰਤੀ ਸਰਕਾਰ ਲੋਕਾਂ ਦੀਆਂ ਨਿੱਤ ਵਰਤੋਂ ਦੀਆਂ ਲੋੜਾਂ ਪੂਰੀਆਂ ਕਰਨ ਵਿਚ ਕਿਸ ਹੱਦ ਤੱਕ ਫੇਲ੍ਹ ਹੋ ਚੁੱਕੀ ਹੈ।

ਪੰਜਾਬ ਦੇ ਮੌਜੂਦਾ ਹਾਲਾਤ ਪੰਜਾਬੀਆਂ ਦੀਆਂ ਹੱਕੀ ਮੰਗਾਂ ਵਿਚੋਂ ਹੀ ਉਭਰੇ ਹਨ, ਇਹੀ ਕੁਝ ਮੰਗਾਂ ਬਾਕੀ ਸੂਬਿਆਂ ਦੇ ਲੋਕਾਂ ਦੀਆਂ ਵੀ ਹਨ। ਪਰ ਪੰਜਾਬ ਵਿਚ ਅਤੇ ਕੇਂਦਰ ਵਿਚ ਮੌਜੂਦਾ ਸਿਆਸੀ ਪਾਰਟੀਆਂ ਨੇ ਪੰਜਾਬ ਅੰਦਰ ਆਪੋ ਆਪਣੀ ਤਾਕਤ ਜਮਾਉਣ ਲਈ ਲੋਕਾਂ ਦੀਆਂ ਜਾਇਜ਼ ਮੰਗਾਂ ਨੂੰ ਤਰੋੜ ਮਰੋੜ ਕੇ ਪੇਸ਼ ਕੀਤਾ। ਚੰਗੀ ਗੱਲ ਤਾਂ ਇਹ ਹੁੰਦੀ ਕਿ ਪੰਜਾਬ ਦੇ ਲੋਕ ਇਕੱਠੇ ਹੋ ਕੇ ਲੋਕ-ਵਿਰੋਧੀ ਕੇਂਦਰੀ ਸਰਕਾਰ ਦੇ ਖਿਲਾਫ ਲੜਦੇ, ਪਰ ਹਾਕਮ ਜਮਾਤਾਂ ਨੇ ਅਪਣੀ ਗੰਦੀ ਸਿਆਸਤ ਨਾਲ ਪੰਜਾਬ ਅੰਦਰ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਕਿ ਲੋਕ ਧਰਮ ਅਤੇ ਫਿਰਕੂ ਲੀਹਾਂ ਉਪਰ ਵੰਡੇ ਗਏ। ਜਿਸ ਨਾਲ ਅਨੇਕਾਂ ਬੇਗੁਨਾਹ ਲੋਕਾਂ ਦਾ ਅੰਨੇਵਾਹ ਘਾਣ ਕੀਤਾ ਗਿਆ।

ਜੂਨ 1984 ਵਿਚ ਪੰਜਾਬ ਉਪਰ ਫੌਜੀ ਹਮਲਾ ਕਰਕੇ ਹਕੂਮਤ ਨੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਕਿ ਉਹ ਆਮ ਲੋਕਾਂ ਨੂੰ ਦਹਿਸ਼ਤਪਸੰਦਾਂ ਤੋਂ ਨਿਜਾਤ ਦਿਵਾ ਰਹੀ ਹੈ। ਪਰ ਅਸਲੀਅਤ ਇਹ ਹੈ ਕਿ ਇਸੇ ਹੀ ਸਰਕਾਰ ਨੇ ਪਹਿਲਾਂ ਪੰਜਾਬ ਵਿਚ ਫਿਰਕਾਪ੍ਰਸਤੀ ਅਤੇ ਅਤਿਵਾਦੀ ਪੈਦਾ ਕੀਤੇ ਅਤੇ ਬਾਅਦ ਵਿਚ ਆਪਣੀਆਂ ਕਾਲੀਆਂ ਕਰਤੂਤਾਂ ਉਪਰ ਪੜਦਾ ਪਾਉਣ ਲਈ ਅਤੇ ਲੋਕਾਂ ਉਪਰ ਆਪਦਾ ਦਾਬਾ ਕਾਇਮ ਰੱਖਣ ਲਈ ਪੰਜਾਬ ਨੂੰ ਫੌਜੀ ਬੂਟਾਂ ਹੇਠ ਲਿਤਾੜਿਆ ਗਿਆ। ਹਾਕਮ ਜਮਾਤਾਂ ਦੀ ਫਿਰਕੂ ਅਤਿਵਾਦੀਆਂ ਨਾਲ ਭਾਈਬੰਦੀ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ ਜਦ ਅਸੀਂ ਦੇਖਦੇ ਹਾਂ ਕਿ ਪੰਜਾਬ ਅੰਦਰ ਅਤਿਵਾਦੀ ਆਪਣੀਆਂ ਕਾਰਵਾਈਆਂ ਖੁਲ੍ਹੇਆਮ ਕਰ ਰਹੇ ਹਨ ਅਤੇ ਇਸਦੇ ਨਾਲ ਨਾਲ ਲੋਕਾਂ ਉਪਰ ਫੌਜੀ ਅਤਿਆਚਾਰ ਵੀ ਜਾਰੀ ਹੈ। ਪਿੱਛੇ ਜਿਹੇ ਜਦ ਸਾਥੀ ਰਤਨ ਸਿੰਘ ਪਟਵਾਰੀ ਦਾ ਫਿਰਕੂ ਜਨੂੰਨੀਆਂ ਨੇ ਕਤਲ ਕੀਤਾ ਤਾਂ ਪੁਲੀਸ ਨੇ ਕਾਤਲਾਂ ਨੂੰ ਫੜਨ ਦਾ ਕੋਈ ਉਪਰਾਲਾ ਨਹੀਂ ਕੀਤਾ ਹਾਲਾਂਕਿ ਲੋਕਾਂ ਨੇ ਕਾਤਲਾਂ ਦੀ ਪਛਾਣ ਵੀ ਕਰ ਦਿਤੀ ਸੀ। ਜਦ ਸਾਥੀ ਰਤਨ ਸਿੰਘ ਦੇ ਕਾਤਲਾਂ ਨੂੰ ਲੋਕਾਂ ਨੇ ਗੱਡੀ ਚੜ੍ਹਾ ਦਿਤਾ ਤਾਂ ਪੁਲੀਸ ਨੇ ਇਕਦਮ ਪਿੰਡਾਂ ਨੂੰ ਘੇਰਾ ਪਾ ਲਿਆ ਅਤੇ ਪੁਲਸੀ ਬੁਰਛਾ-ਗਰਦੀ ਦਾ ਕਹਿਰ ਢਾਅ ਦਿਤਾ।

ਭਾਰਤੀ ਸਰਕਾਰ ਬੜੀ ਬੇਸ਼ਰਮੀ ਨਾਲ ਧਰਮ-ਨਿਰਪੱਖਤਾ ਦਾ ਢੌਂਗ ਰਚਦੀ ਹੈ, ਜਦਕਿ ਅਸਲੀਅਤ ਇਹ ਹੈ ਕਿ ਹਕੂਮਤੀ ਕਾਂਗਰਸ ਪਾਰਟੀ ਨੇ ਭਾਰਤੀ ਲੋਕਾਂ ਨੂੰ ਹਮੇਸ਼ਾ ਧਾਰਮਿਕ ਲੀਹਾਂ ਤੇ ਪਾੜਕੇ ਆਪਣੇ ਆਪ ਨੂੰ ਤਾਕਤ ਵਿਚ ਬਰਕਰਾਰ ਰੱਖਿਆ ਹੈ। ਪਿਛਲੇ ਕੁਝ ਸਾਲਾਂ ਤੋਂ ਕਾਂਗਰਸ ਸਰਕਾਰ ਨੇ ਦੇਸ਼ ਭਰ ਵਿਚ ਹਿੰਦੂ ਛਾਵਨਵਾਦ ਨੂੰ ਬਹੁਤ ਉਭਾਰਿਆ ਹੈ ਖਾਸ ਕਰਕੇ ਹਿੰਦੀ ਬੋਲਦੇ ਇਲਾਕਿਆਂ ਵਿਚ। ਗੋਲਡਨ ਟੈਂਪਲ ਉਪਰ ਹਮਲਾ ਅਤੇ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਵਿਚ ਹਜ਼ਾਰਾਂ ਬੇਗੁਨਾਹ ਸਿੱਖਾਂ ਦਾ ਕਤਲੇਆਮ, ਹਿੰਦੂ ਛਾਵਨਵਾਦ ਨੂੰ ਪੱਠੇ ਪਾਉਣ ਦੀ ਹੀ ਸਾਜ਼ਿਸ਼ ਸੀ। ਇਹਨਾਂ ਸਾਰੀਆਂ ਘਟਨਾਵਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਅਖੌਤੀ ਧਰਮ-ਨਿਰਪੱਖ ਭਾਰਤ ਵਿਚ ਘੱਟ-ਗਿਣਤੀ ਲੋਕ ਕਿੰਨੇ ਕੁ ਸੁਰੱਖਿਅਤ ਹਨ।

ਭਾਰਤ ਦੇ ਸਾਰੇ ਹਿੱਸਿਆਂ ਵਿਚ ਫਿਰਕੂ ਤਾਕਤਾਂ ਮਜ਼ਬੂਤ ਹੋ ਰਹੀਆਂ ਹਨ, ਅਤੇ ਸਾਰਿਆਂ ਨਾਲੋਂ ਵੱਧ ਖਤਰਨਾਕ ਫਿਰਕੂ ਤਾਕਤ ਹੈ-ਹਿੰਦੂ ਛਾਵਨਵਾਦ। ਇਸ ਖਤਰਨਾਕ ਮਹੌਲ ਵਿਚ ਸਭ ਤੋਂ ਮਹੱਤਵਪੂਰਨ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਫਿਰਕਾਪ੍ਰਸਤੀ, ਲੋਕਾਂ ਨੂੰ ਆਪਸ ਵਿਚ ਪਾੜਕੇ ਰੱਖਣ ਲਈ, ਹਾਕਮ ਜਮਾਤਾਂ ਦਾ ਇਕ ਵਧੀਆ ਹਥਿਆਰ ਹੈ, ਅਤੇ ਆਪਣੇ ਕੋਝੇ ਮਨ-ਸੂਬਿਆਂ ਨੂੰ ਪੂਰਾ ਕਰਨ ਲਈ ਇਹ ਕਦੇ ਵੀ ਲੋਕਾਂ ਦਾ ਖੂਨ ਵਹਾਉਣ ਤੋਂ ਸੰਕੋਚ ਨਹੀਂ ਕਰਦੀਆਂ। ਇਸ ਕਰਕੇ ਇਹ ਬਹੁਤ ਜ਼ਰੂਰੀ ਹੈ ਕਿ ਪੰਜਾਬ ਦੀ ਹਾਲਤ ਨੂੰ ਸਮੁੱਚੇ ਮੁਲਕ ਦੀ ਹਾਲਤ ਤੋਂ ਵੱਖ ਕਰਕੇ ਨਹੀਂ ਦੇਖਣਾ ਚਾਹੀਦਾ; ਦੇਸ਼ ਭਰ ਵਿਚ ਲੋਕਾਂ ਦੇ ਸਿਰਾਂ ਉਪਰ ਅੱਜ

ਜੋ ਖਤਰਾ ਮੰਡਲਾ ਰਿਹਾ ਹੈ, ਪੰਜਾਬ ਉਸਦਾ ਕੇਂਦਰ ਹੈ। ਧਾਰਮਿਕ ਜਨੂੰਨੀ, ਬੇਸ਼ੱਕ ਉਹ ਕਿਸੇ ਵੀ ਧਰਮ ਨਾਲ ਸੰਬੰਧਤ ਹੋਣ, ਹਾਕਮ ਜਮਾਤਾਂ ਦੇ ਲੋਕਾਂ ਵਿਰੁੱਧ ਵਰਤੇ ਜਾਣ ਵਾਲੇ ਹਥਿਆਰ ਹਨ। ਲੋਕਾਂ ਨੂੰ ਇਸ ਸਚਾਈ ਨੂੰ ਸਮਝਣਾ ਚਾਹੀਦਾ ਹੈ ਅਤੇ ਫਿਰਕਾਪ੍ਰਸਤੀ 'ਤੇ ਧਾਰਮਿਕ ਜਨੂੰਨ ਖਿਲਾਫ ਇਕੱਠੇ ਹੋਣਾ ਚਾਹੀਦਾ ਹੈ।

ਅਤਿਵਾਦ ਦੇ ਇਸ ਲੰਬੇ ਸਮੇਂ ਵਿਚ ਪੰਜਾਬ ਦੇ ਅਗਾਂਹਵਧੂ ਲੋਕਾਂ ਨੇ ਆਪਣੀ ਸਹੀ ਸੋਚ, ਧਾਰਮਿਕ ਜਨੂੰਨੀਆਂ ਦਾ ਵਿਰੋਧ ਅਤੇ ਫਿਰਕਾਪ੍ਰਸਤੀ ਦੀ ਜਨਮ-ਦਾਤਾ ਭਾਰਤੀ ਹਕੂਮਤ ਦੇ ਵਿਰੋਧ ਨੂੰ ਕਾਇਮ ਰੱਖਿਆ। ਇਨਕਲਾਬੀਆਂ ਦੀ ਇਹ ਸਹੀ ਸੋਚ ਧਾਰਮਿਕ ਜਨੂੰਨੀਆਂ ਦੀਆਂ ਅੱਖਾਂ ਵਿਚ ਰੜਕ ਰਹੀ ਹੈ, ਇਸੇ ਕਰਕੇ ਹੀ ਇਹਨਾਂ ਜਨੂੰਨੀਆਂ ਨੇ ਕਮਿਊਨਿਸਟਾਂ ਅਤੇ ਅਗਾਂਹਵਧੂ ਲੋਕਾਂ ਜਿਵੇਂ ਕਿ ਸੁਖਰਾਜ ਖੱਦਰ, ਰਤਨ ਸਿੰਘ ਪਟਵਾਰੀ, ਅਰਜਨ ਸਿੰਘ ਮਸਤਾਨਾ, ਸਰਬਜੀਤ, ਅਜੀਤ ਰਾਮ ਅਤੇ ਉਸਦਾ ਨੌਂ ਸਾਲਾਂ ਦਾ ਮੁੰਡਾ ਬਬਲਾ ਅਤੇ ਸਵਰਨ ਸਿੰਘ ਨਾਗੋਕੇ ਨੂੰ ਕਤਲ ਕੀਤਾ ਹੈ। ਸਤੰਬਰ 1986 ਦੇ ਅਖੀਰ ਵਿਚ ਇਹਨਾਂ ਜਨੂੰਨੀ ਦਹਿਸ਼ਤਗਰਦਾਂ ਨੇ ਭਾਰਤੀ ਕਮਿਊ: ਪਾਰਟੀ (ਮਾਰਕਸਵਾਦੀ ਲੈਨਿਨਵਾਦੀ) ਦੇ ਉਘੇ ਆਗੂ ਕਾਮਰੇਡ ਬਲਦੇਵ ਸਿੰਘ ਮਾਨ, ਅਤੇ ਭਾਰਤੀ ਕਮਿਊ: ਪਾਰਟੀ ਦੇ ਬਜ਼ੁਰਗ ਆਗੂ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਨੂੰ ਬੜੀ ਬੁਜ਼ਦਿਲੀ ਨਾਲ ਕਤਲ ਕਰ ਦਿੱਤਾ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਨੇ ਕਨੇਡਾ ਦੇ ਲੱਕੜੀ ਮਿੱਲਾਂ ਦੇ ਕਾਮਿਆਂ ਨੂੰ ਅਤੇ ਉਤਰੀ ਅਮਰੀਕਾ ਵਿਚ ਭਾਰਤੀ ਕਮਿਊਨਿਟੀ ਨੂੰ ਸਥਾਪਤ ਕਰਨ ਲਈ ਇਕ ਅਹਿਮ ਰੋਲ ਨਿਭਾਇਆ। ਭਾਰਤ ਵਾਪਸ ਆ ਕੇ ਭੀ ਲੋਕ ਸੇਵਾ ਦੇ ਕੰਮ ਕੀਤੇ ਅਤੇ ਸੀ. ਪੀ. ਆਈ. ਦੀ ਅਗਵਾਈ ਕੀਤੀ।

ਸਾਥੀ ਬਲਦੇਵ ਸਿੰਘ ਮਾਨ ਸੀ. ਪੀ ਆਈ. (ਮ. ਲ.) ਦਾ ਇਕ ਸਿਰਕੱਢ ਆਗੂ ਸੀ, ਜਿਸਨੇ ਵਿਦਿਆਰਥੀਆਂ ਅਤੇ ਮਜ਼ਦੂਰਾਂ ਨੂੰ ਆਪਣੇ ਹੱਕ ਲੈਣ ਲਈ ਜੱਥੇਬੰਦ ਕੀਤਾ। ਉਹ ਇਕ ਅਗਾਂਹਵਧੂ ਪਰਚੇ 'ਹਿਰਾਵਲ ਦਸਤਾ' ਦਾ ਸੰਪਾਦਕ ਸੀ, ਜਿਸ ਰਾਹੀਂ ਉਸਨੇ ਫਿਰਕਾਪ੍ਰਸਤਾਂ ਅਤੇ ਜਨੂੰਨੀਆਂ ਦੀ ਅਸਲੀਅਤ ਨੂੰ ਲੋਕਾਂ ਸਾਹਮਣੇ ਪੇਸ਼ ਕੀਤਾ।

ਇਹਨਾਂ ਸਾਰੇ ਸਾਥੀਆਂ ਨੇ ਸਾਰੀ ਜ਼ਿੰਦਗੀ ਮਜ਼ਦੂਰਾਂ, ਕਿਸਾਨਾਂ ਅਤੇ ਲੁੱਟੇ ਪੁੱਟੇ ਜਾਂਦੇ ਲੋਕਾਂ ਦੇ ਹਿਤਾਂ ਲਈ ਸੰਘਰਸ਼ ਕੀਤਾ। ਕਿਉਂ ਕਿ ਉਹ ਲੋਕਾਂ ਦ ਆਰਥਿਕ ਅਤੇ ਜਮਹੂਰੀ ਹੱਕਾਂ ਲਈ ਜਦੋਜਹਿਦ ਕਰਦੇ ਸਨ, ਉਹਨਾਂ ਨੇ ਫਿਰਕਾਪ੍ਰਸਤੀ ਦੀ ਅਸਲੀਅਤ ਨੂੰ ਸਮਝਿਆ ਅਤੇ ਇਸਦੀ ਡਟਕੇ ਵਿਰੋਧਤਾ ਕੀਤੀ। ਇਸੇ ਕਰਕੇ ਹੀ ਖ਼ਾਲਿਸਤਾਨੀਆਂ ਨੇ ਇਹਨਾਂ ਦੇ ਕਤਲ ਕੀਤੇ। ਫਿਰਕਾ-ਪ੍ਰਸਤ ਅਤੇ ਧਾਰਮਿਕ ਜਨੂੰਨੀ, ਭਾਵੇਂ ਉਹ ਸ਼ਿਵ ਸੈਨਾ ਵਾਲੇ ਹੋਣ ਜਾਂ ਖ਼ਾਲਿਸਤਾਨੀ, ਸਰਕਾਰ 'ਵਿਰੁੱਧ' ਲੜਨ ਦੀਆਂ ਜਿੰਨੀਆਂ ਮਰਜ਼ੀ ਟਾਹਰਾਂ ਮਾਰਦੇ ਰਹਿਣ, ਅਸਲ ਵਿਚ ਉਹ ਸਿਰਫ ਆਪਣੇ ਸੌੜੇ ਹਿਤਾਂ ਅਤੇ ਵੱਡੀ ਪੱਧਰ 'ਤੇ ਹਾਕਮ ਜਮਾਤਾਂ ਦੇ ਹਿਤਾਂ ਦੀ ਹੀ ਸੇਵਾ ਕਰਦੇ ਹਨ।

ਅਸਲ ਲੜਾਈ ਕਿਸੇ ਇਕ ਫਿਰਕੇ ਦੇ ਜਾਂ ਧਰਮ ਦੇ ਲੋਕਾਂ ਦੀ ਕਿਸੇ ਹੋਰ ਫਿਰਕੇ ਜਾਂ ਧਰਮ ਦੇ ਲੋਕਾਂ ਵਿਚਕਾਰ ਨਹੀਂ ਹੈ, ਬਲਕਿ ਲੁੱਟੇ ਜਾਣ ਵਾਲੇ ਅਤੇ ਵੱਡੇ ਸਰਮਾਏਦਾਰਾਂ ਅਤੇ ਵੱਡੇ ਜਾਗੀਰਦਾਰਾਂ ਦੀ ਲੁਟੇਰੀ ਹਾਕਮ ਜਮਾਤ ਵਿਚਕਾਰ ਹੈ। ਇਹ ਹਾਕਮ ਜਮਾਤਾਂ ਫਿਰਕਾਪ੍ਰਸਤੀ ਦੇ ਗੰਦੇ ਹਥਿਆਰ ਨੂੰ ਵਰਤਕੇ, ਲੋਕਾਂ ਨੂੰ ਆਪਸ ਵਿਚ ਧਾਰਮਿਕ ਲੀਹਾਂ 'ਤੇ ਵੰਡ ਰਹੀਆਂ ਹਨ ਤਾਂਕਿ ਲੋਕਾਂ ਦਾ ਗੁੱਸਾ ਭ੍ਰਿਸ਼ਟ ਨਿਜ਼ਾਮ ਦੇ ਇਸ ਭ੍ਰਿਸ਼ਟ ਢਾਂਚੇ 'ਤੇ ਕੇਂਦਰਤ ਨਾਂ ਹੋਵੇ। ਇਹਨਾਂ ਨੇ ਮੁਲਕ ਵਿਚ ਇਕ ਅਜਿਹਾ ਮਹੌਲ ਪੈਦਾ ਕਰ ਦਿੱਤਾ ਹੈ, ਜਿਸ ਵਿਚ ਕੌਮੀ ਅਤੇ ਧਾਰਮਿਕ ਘੱਟ ਗਿਣਤੀ ਦੇ ਲੋਕਾਂ ਦੀ ਜਾਨ ਅਤੇ ਮਾਲ ਦੀ ਕੋਈ ਸੁਰੱਖਿਆ ਨਹੀਂ ਹੈ ਅਤੇ ਹਰ ਪਾਸੇ ਬੇਕਸੂਰ ਲੋਕ ਧਾਰਮਿਕ ਜਨੂੰਨੀਆਂ ਅਤੇ ਵੱਖਵਾਦੀਆਂ ਦੀ ਦਹਿਸ਼ਤ ਦਾ ਸ਼ਿਕਾਰ ਹੋ ਰਹੇ ਹਨ। ਅਜਿਹੀ ਦਹਿਸ਼ਤਗਰਦੀ ਵਿਚ ਲੋਕਾਂ ਦੀ ਚੰਗੇਰੇ ਜੀਵਨ ਅਤੇ ਸਹੀ ਜਮਹੂਰੀਅਤ ਦੀ ਮੰਗ ਦੀ ਸੰਘੀ ਘੁੱਟੀ ਗਈ ਹੈ।

1. ਅਸੀਂ ਉਤਰੀ ਅਮਰੀਕਾ ਵਿਚ ਰਹਿੰਦੇ ਸਾਰੇ ਭਾਰਤੀਆਂ ਨੂੰ ਅਪੀਲ ਕਰਦੇ ਹਾਂ ਕਿ ਉਹ ਧਾਰਮਿਕ ਜਨੂੰਨ ਅਤੇ ਫਿਰਕੂ ਹਿੰਸਾ ਦੀ ਨਿਖੇਧੀ ਕਰਨ। ਉਹ ਲੋਕ ਜਿਹੜੇ ਧਾਰਮਿਕ ਜਨੂੰਨ ਦੀ ਅੱਗ ਨੂੰ ਹਵਾ ਦੇ ਰਹੇ ਹਨ ਅਤੇ ਕਿਸੇ ਵੀ ਕਮਿਊਨਿਟੀ ਖਿਲਾਫ ਹਿੰਸਾ ਨੂੰ ਹੱਲਾਸ਼ੇਰੀ ਦਿੰਦੇ ਹਨ ਉਹਨਾਂ ਦੀ ਕਿਸੇ ਕਿਸਮ ਦੀ ਕੋਈ ਮੱਦਦ ਨਾ ਕੀਤੀ ਜਾਵੇ।

2. ਅਸੀਂ ਭਾਰਤ ਦੀਆਂ ਸਾਰੀਆਂ ਅਗਾਂਹਵਧੂ ਲੋਕ ਜਮਹੂਰੀ ਜਥੇਬੰਦੀਆਂ ਨੂੰ ਪੁਰਜ਼ੋਰ ਅਪੀਲ ਕਰਦੇ ਹਾਂ ਕਿ ਉਹ ਫਿਰਕੂ ਜਨੂੰਨ ਵਿਰੁੱਧ ਘੱਟੋ ਘੱਟ ਪ੍ਰੋਗਰਾਮ ਉਤੇ ਏਕਤਾ ਕਰਨ ਲਈ ਵੱਧ ਤੋਂ ਵੱਧ ਸਰਗਰਮ ਹੋਣ ਅਤੇ ਕਾਲੀਆਂ ਕਰਤੂਤਾਂ ਕਰਨ ਵਾਲੀਆਂ ਸਾਰੀਆਂ ਕਾਲੀਆਂ ਤਾਕਤਾਂ ਦਾ ਮੂੰਹ ਤੋੜਵਾਂ ਜੁਆਬ ਦੇਣ।

ਇੰਡੀਅਨ ਪੀਪਲਜ਼ ਐਸੋਸੀਏਸ਼ਨ ਇਨ ਨਾਰਥ ਅਮੈਰਿਕਾ (ਇਪਾਨਾ)
P. O BOX 69646, STATION 'K'
VANCOUVER, B C CANADA, V5K 4W7
ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਐਡਮਿੰਟਨ
3539-61 STREET, EDMONTON,
ALBERTA, CANADA, T6L 1H1

# ਇਨਕਲਾਬੀ ਜਥੇਬੰਦੀ ਇਕ ਵਿਚਾਰ

ਬੇਰੁਜ਼ਗਾਰੀ ਤੇ ਮਹਿੰਗਾਈ ਦਾ ਵਾਧਾ ਮੁਖ ਸਮੱਸਿਆ ਹੈ। ਇਸ ਤੋਂ ਹੋਰ ਕਈ ਸਮੱਸਿਆਵਾਂ ਨਿਕਲਦੀਆਂ ਹਨ। ਹਾਕਮ ਵਰਗ ਇਸ ਸਮੱਸਿਆ ਨੂੰ ਹੱਲ ਨਹੀਂ ਕਰ ਪਾ ਰਹੇ। ਉਹਨਾਂ ਨੇ ਐਸਾ ਖੌਫਨਾਕ ਵਾਤਾਵਰਣ ਪੈਦਾ ਕਰ ਦਿਤਾ ਹੈ ਕਿ ਲੋਕ ਇਹ ਸਮੱਸਿਆਵਾਂ ਭੁੱਲ ਜਾਣ ਤੇ ਆਤੰਕ ਦਾ ਸ਼ਿਕਾਰ ਬਣ ਜਾਣ। ਸੱਤਾਧਾਰੀ ਵਰਗ ਦੀਆਂ ਨੁਮਾਇਦਾਂ ਪਾਰਟੀਆਂ ਨੇ ਵਿਰੋਧੀ ਪਾਰਟੀਆਂ ਨੂੰ ਵੀ ਆਪਣੇ ਮਗਰ ਲਾ ਲਿਆ ਹੈ। ਉਹਨਾਂ ਨੂੰ ਵੀ ਅਜੇ ਦੇਸ਼ ਦੀ ਏਕਤਾ, ਅਖੰਡਤਾ ਲਈ ਅੱਤਵਾਦ ਵੱਖਵਾਦ ਮੁਖ ਸਮੱਸਿਆ ਬਣੀ ਹੋਈ ਨਜ਼ਰ ਆ ਰਹੀ ਹੈ।

ਅਮਨ ਮਾਰਚ ਤੇ ਸਦਭਾਵਨਾ ਕਮੇਟੀਆਂ ਦੇ ਗਠਨ ਉੱਤੇ ਜ਼ੋਰ ਦਿਤਾ ਜਾ ਰਿਹਾ ਹੈ। ਇਸੇ ਖਿਆਲ ਦੇ ਨਾਅਰੇ ਘੜੇ ਜਾ ਰਹੇ ਹਨ। ਥਾਂ ਥਾਂ ਜਲਸੇ ਕੀਤੇ ਜਾ ਰਹੇ ਹਨ। ਕੁਝ ਥਾਵਾਂ ਤੋਂ ਇਲਾਵਾ ਇਸਦਾ ਕਾਰਨ ਸਹੀ ਨਹੀਂ ਦਸਿਆ ਜਾ ਰਿਹਾ। ਜਿਸ ਸਰਮਾਏਦਾਰੀ ਢਾਂਚੇ ਨੇ ਇਸਨੂੰ ਜਨਮ ਦਿਤਾ ਹੈ, ਉਸਦਾ ਜ਼ਿਕਰ ਨਹੀਂ ਕੀਤਾ ਜਾਂਦਾ, ਉਸ ਢਾਂਚੇ ਨੂੰ ਚਲਾਣ ਵਾਲੇ ਚਾਲਕਾਂ ਦਾ ਜਿਕਰ ਜੁਰਤ ਨਾਲ ਨਹੀਂ ਕੀਤਾ ਜਾ ਰਿਹਾ। ਇਸ ਸਰਮਾਏਦਾਰੀ ਢਾਂਚੇ ਨੂੰ ਬਦਲ ਕੇ ਸਮਾਜਦਾਰੀ ਢਾਂਚੇ ਰਾਹੀਂ ਇਹ ਮਸਲਾ ਹੱਲ ਹੋ ਸਕਦਾ ਹੈ, ਇਸ ਦਾ ਜ਼ਿਕਰ ਘਟ ਹੁੰਦਾ ਹੈ। ਸੱਤਾਧਾਰੀ ਸਿਰ ਧਰਮ, ਫਿਰਕਾ ਤੇ ਜਾਤਾਂ ਨੂੰ ਹਥਿਆਰ ਬਣਾਕੇ ਵਰਤ ਰਹੀ ਹੈ, ਇਸ ਦਾ ਜ਼ਿਕਰ ਜਿਤਨਾ ਵਧ ਚੜ੍ਹਕੇ ਹੋਣਾ ਚਾਹੀਦਾ ਹੈ, ਘਟ ਹੁੰਦਾ ਹੈ। ਚੋਣਾਂ ਇਕ ਵੱਡਾ ਵਪਾਰ ਦਾ ਹਿੱਸਾ ਬਣ ਗਈਆਂ ਹਨ, ਇਸ ਦਾ ਜ਼ਿਕਰ ਵੀ ਲੋੜ ਤੋਂ ਘਟ ਹੁੰਦਾ ਹੈ।

ਇਹ ਹੋਰ ਵੀ ਦੁਖਦਾਇਕ ਗਲ ਹੋ ਜਾਂਦੀ ਹੈ, ਜਦ ਲੈਫਟ ਪਾਰਟੀਆਂ ਇਸ ਫਿਰਕਾ ਪ੍ਰਸਤੀ ਦਹਿਸ਼ਤਵਾਦ ਦਾ ਕਾਰਨ ਤੇ ਉਸਦੇ ਨਿਰਮਾਤਾ ਸੱਤਾਧਾਰੀ ਪਾਰਟੀਆਂ ਨੂੰ ਜ਼ੋਰਦਾਰ ਸ਼ਬਦਾਂ ਵਿਚ ਜ਼ੁਮੇਵਾਰ ਨਾ ਠਹਿਰਾਕੇ ਉਹਨਾਂ ਵਿਰੁਧ ਘੋਲ ਕਰਨ ਦੀ ਬਜਾਏ, ਇਸ ਭੁਲੇਖੇ ਵਿਚ ਕੇ ਉਹਨਾਂ ਪਾਰਟੀਆਂ ਵਿਚ ਇਹਨਾਂ ਦੇ ਹਮਖਿਆਲ ਅਗਾਂਹ ਵਧੂ ਹਨ, ਕਿਤੇ ਨਰਾਜ਼ ਨਾ ਹੋ ਜਾਣ, ਉਹਨਾਂ ਨਾਲ ਹੀ ਸੁਰ ਮਿਲਾ ਦਿੰਦੀਆਂ ਹਨ, ਕਿ ਅਤਿਵਾਦੀ ਵੱਖਵਾਦੀਆਂ ਨਾਲ ਜੂਝ ਲਈਏ, ਫੇਰ ਅਗੋਂ ਚਲਾਂਗੇ।

ਅੱਤਵਾਦ ਕਿਉਂ ਸਿਰ ਕੱਢਦਾ ਹੈ, ਧਾਰਮਕ ਫਿਰਕਾ ਪ੍ਰਸਤੀ ਕਿਵੇਂ ਇਸਦਾ ਹਥਿਆਰ ਬਣਦੀ ਹੈ, ਸਰਮਾਏਦਾਰੀ ਢਾਂਚੇ ਦੇ ਚਾਲਕ ਕਿਵੇਂ ਇਸਨੂੰ ਵਰਤਦੇ ਹਨ, ਸਮਾਜਦਾਰੀ ਢਾਂਚਾ ਕਿਵੇਂ ਇਸਦੀ ਥਾਂ ਲਿਆਇਆ ਜਾਵੇ, ਲੋਕਾਂ ਨੂੰ ਇਸ ਵਿਸ਼ੇ ਤੇ ਜਾਣਕਾਰੀ ਦੇਕੇ ਉਹਨਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਜਨਤਕ ਲਹਿਰ ਚਲਾਣ ਲਈ ਅਗਾਂਹ ਵਧੂ ਪਾਰਟੀਆਂ ਅਸਮਰਥ ਰਹੀਆਂ ਹਨ ਹਾਲਾਂਕਿ ਤਿੰਨਾਂ ਸੂਬਿਆਂ ਵਿਚ ਇਹਨਾਂ ਪਾਸ ਰਾਜ ਸੱਤਾ ਵੀ ਹੈ। ਇਹ ਵਿਚਾਰ ਅਧੀਨ ਬਹਿਸ ਦਾ ਵਿਸ਼ਾ ਹੈ। ਹੋਰਨਾਂ ਸੂਬਿਆਂ ਵਿਚ ਇਹਨਾਂ ਦਾ ਕਾਡਰ ਆਪਣੀ ਲੀਡਰਸ਼ਿਪ ਤੋਂ ਨਿਰਾਸ਼ਾ ਹੋਇਆ ਹੋਇਆ ਹੈ। ਉਹਨਾਂ ਕੋਲੋਂ ਵੀ ਰਿਹਾ ਨਹੀਂ ਜਾਂਦਾ, ਕਿਉਂਕਿ "ਸਮ ਸਿਧਾਂਤ ਜਿਨਾਂ ਦ੍ਰਿੜਾਇਆ, ਉਹ ਕਰ ਅਰਾਮ ਨਹੀਂ ਬਹਿੰਦੇ, ਲੋਕ ਹਿਤ ਉਹ ਆਪਾ ਵਾਰਨ ਦਿਨੇ ਰਾਤ ਪਏ ਵਹਿੰਦੇ।" ਉਹਨਾਂ ਵਿਚ ਇਕ ਨਵੇਂ ਸਮਾਜ ਘੜਨ ਦੀ ਤੜਪ ਹੈ। 'ਇਨਕਲਾਬ ਜ਼ਿੰਦਾਬਾਦ' ਉਹਨਾਂ ਦਾ ਜਾਪ ਹੈ।

ਪਰ ਇਨਕਲਾਬ ਕਿਸੇ ਦੇ ਹੁਕਮ ਨਾਲ ਨਹੀਂ ਔਂਦਾ। ਬਾਹਰੀ ਤੇ ਅੰਤਰੀਵ ਇਤਿਹਾਸਕ ਸਥਿਤੀਆਂ ਇਨਕਲਾਬ ਦਾ ਕਾਰਨ ਬਣਦੀਆਂ ਹਨ। ਸੁਸਾਇਟੀ ਦੇ ਜੀਵਨ ਵਿਚ ਰਾਜਨੀਤਕ, ਆਰਥਕ ਤੇ ਸਿਧਾਂਤਕ ਜੁਗਗਰਦੀ ਦਾ ਨਾਮ ਹੀ ਇਨਕਲਾਬ ਹੈ।

ਰਾਜ ਸੱਤਾਧਾਰੀ ਵਰਗ ਪੁਰਾਣੇ ਤਰੀਕਿਆਂ ਨਾਲ ਰਾਜ ਨਾ ਕਰ ਸਕਦੀ ਹੋਵੇ ਅਤੇ ਪਰਜਾ–ਵਰਗ ਲਈ ਵੀ ਪੁਰਾਣੇ ਤਰੀਕੇ ਅਸਹਿ ਹੋ ਜਾਣ ਅਤੇ ਉਹਨਾਂ ਵਿਚ ਕਾਫੀ ਰੋਸ ਪਾਇਆ ਜਾਵੇ। ਗੁਰਬਤ ਤੇ ਜਬਰ ਜ਼ੁਲਮ ਦਾ ਅੱਤ ਹੋ ਜਾਵੇ, ਅਤੇ ਹਾਕਮਾਂ ਦੀਆਂ ਵਧੀਕੀਆਂ ਨੂੰ ਚੁਨੌਤੀ ਦੇਣ ਲਈ ਲੋਕਾਂ ਵਿਚ ਕਾਫੀ ਸਰਗਰਮੀਆਂ ਜਲਸੇ ਧਰਨੇ ਹੜਤਾਲਾਂ ਰੋਸ ਦੀ ਸ਼ਕਲ ਵਿਚ ਨਜ਼ਰ ਔਂਦੀਆਂ ਹੋਣ।

ਇਹ ਉਪਰਲੀਆਂ ਸਥਿਤੀਆਂ ਜੇਕਰ ਇਨਕਲਾਬ ਨੂੰ ਸੰਭਵ ਤਾਂ ਬਣਾਦੀਆਂ ਹਨ, ਪਰ ਇਹਨਾਂ ਸੰਭਵਤਾਵਾਂ ਨੂੰ ਅਮਲ ਵਿਚ ਲਿਔਣ ਲਈ ਅੰਤਰੀਵ ਕਾਰਨਾਂ ਦੀ ਵੀ ਪਰਪੱਕਤਾ ਹੋਣੀ ਲਾਜ਼ਮੀ ਹੈ। ਅਰਥਾਤ ਵੱਖੋ ਵੱਖਰੇ ਕਿੱਤਿਆਂ ਵਿਚ ਕਿਰਤ ਕਰਦਿਆਂ ਹੋਇਆਂ ਸਾਰੇ ਇਕੱਠੇ ਹੋ ਕੇ ਜਨਤਕ ਘੋਲ ਕਰ ਸਕਦੇ ਹੋਣ। ਉਹਨਾਂ ਦਾ ਇਕ 'ਇਨਕਲਾਬੀ ਦਲ' ਦਾ ਹੋਣਾ ਬਹੁਤ ਜ਼ਰੂਰੀ ਹੈ। ਜੋ ਕਿ ਇਤਨਾ ਤਾਕਤਵਰ ਹੋਵੇ, ਕਿ ਪੁਰਾਣੇ ਢਾਂਚੇ ਦੇ ਹਾਕਮਾਂ ਨੂੰ ਭੰਜ ਦੇ ਸਕਣ। ਇਹ ਯਾਦ ਰਖਣਾ ਚਾਹੀਦਾ ਹੈ, ਸੱਤਾ ਧਾਰੀ ਦਲ ਕਦੇ ਵੀ ਆਪਣੇ ਆਪ ਲਾਂਭੇ ਨਹੀਂ ਹੁੰਦਾ, ਜਦ ਤਕ ਕਿ ਉਸਨੂੰ ਧੱਕ ਕੇ ਬਾਹਰ ਨਾ ਕਢਿਆ ਜਾਵੇ।

ਇਸ ਇਨਕਲਾਬੀ ਦੀ ਕਾਮਯਾਬੀ ਹੀ ਤਦ ਹੋ

ਸਕਦੀ ਹੈ, ਜੇ ਇਨਕਲਾਬੀ ਦਲ ਚੰਗੀ ਤਰਾਂ ਜਥੇਬੰਦ ਹੋਵੇ। ਇਸਦਾ ਜ਼ਾਬਤਾਂ ਡੀਸੀਪਲੀਨ ਮਜ਼ਬੂਤ ਹੋਵੇ, ਰਾਜਸੀ ਤੌਰ ਤੇ ਚੇਤੰਨ ਹੋਵੇ, ਸਾਥੀ ਇਸਦੇ ਭਰੋਸੇ ਯੋਗ ਹੋਵਣ ਅਤੇ ਸੰਘਰਸ਼ਨੀਤੀ ਵਿਚ ਯੋਗਤਾ ਰਖਣ ਤੇ ਤਜਰਬੇਕਾਰ ਹੋਣ।

ਅਜ ਇਸ ਤਰ੍ਹਾਂ ਦੇ ਜਥੇਬੰਦੀ ਦੀ ਬਹੁਤ ਲੋੜ ਮਹਿਸੂਸ ਹੋ ਰਹੀ ਹੈ। ਇਨਕਲਾਬ ਚਾਹੁਣ ਵਾਲੇ, ਨਵਾ ਸਮਾਜ ਸਰਜਣ ਦੇ ਚਾਹਵਾਨ ਸਾਰੇ ਇਕੱਠੇ ਹੋ ਕੇ ਹੰਭਲਾ ਮਾਰਨ ਦੀ ਲੋੜ ਹੈ। ਰਾਜ ਸੱਤਾ ਹਥਿਔਣੀ ਪਵੇਗੀ ਤੇ ਜਨਤਕ ਪ੍ਰਬੰਧ ਸਮਤਾਵਾਦੀ ਨੀਤੀਆਂ ਉਤੇ ਚਲਾਕੇ ਨਵੇਂ ਸਮਾਜ ਦੀ ਸਿਰਜਨਾ ਕਰਨੀ ਪਵੇਗੀ।

ਲੋਕਾਂ ਦੀਆਂ ਜਨਤਕ ਸੰਸਥਾਵਾਂ ਵਿਚ ਕੰਮ ਕਰਨਾ ਪਵੇਗਾ, ਉਹਨਾਂ ਵਿਚ ਇਨਕਲਾਬੀ ਰੂਹ ਫੂਕਣੀ ਪਵੇਗੀ। ਉਹਨਾਂ ਨੂੰ ਇਨਕਲਾਬ ਦੇ ਰਾਹ ਤੇ ਤੋਰਨਾ ਪਵੇਗਾ। ਉਹਨਾਂ ਦੀਆਂ ਜਥੇਬੰਦੀਆਂ ਇਨਕਲਾਬੀ ਪੰਚਾਇਤਾਂ ਵਿਚ ਤਬਦੀਲ ਕਰਨੀਆਂ ਪੈਣਗੀਆਂ। ਅਤੇ ਸਮੂਹ ਲੋਕਾਂ ਨੂੰ ਇਕੋ ਲੋਕਾਂ ਦੀ ਪੰਚਾਇਤ ਵਿਚ ਸੰਗਠਿਤ ਕਰਨਾ ਪਵੇਗਾ ਤੇ ਇਨਕਲਾਬੀ ਲਹਿਰ ਉਸਾਰਨੀ ਪਵੇਗੀ।

ਅੱਤਵਾਦ, ਵੱਖਵਾਦ ਦਾ ਸਹੀ ਕਾਰਨ ਦਸਕੇ ਬੇਰੁਜ਼ਗਾਰੀ ਤੇ ਮਹਿੰਗਾਈ ਦੇ ਵਿਰੁਧ ਘੋਲ ਨਵੇਂ ਸਿਰਿਉਂ ਅਰੰਭਣਾ ਪਵੇਗਾ। ਲੋਕਾਂ ਦੀਆਂ ਸਮੱਸਿਆ ਦਾ ਹਲ ਦੱਸਕੇ ਸਰਕਾਰੀ ਗੈਰਉਪਜਾਊ ਪ੍ਰਾਜਕਟਾ ਨੂੰ ਬੰਦ ਕਰਵਾ ਕੇ ਉਪਜਾਊ ਪ੍ਰਾਜਕਟਾਂ ਵਲ ਧਿਆਨ ਦਿਵਾਣਾ ਪਵੇਗਾ। ਸਰਕਾਰ ਦੇ ਫਜ਼ੂਲ ਖਰਚ, ਆਰੰਭਕ ਉਦਘਾਟਨੀ ਸਮਾਗਮ ਬੰਦ ਕਰਵਾਣੇ ਪੈਣਗੇ। ਦੇਸ਼ ਦੀ ਕਾਨਸਟੀ-ਊਸ਼ਨ ਵਿਚ 'ਰੁਜ਼ਗਾਰ ਦਾ ਹੱਕ' ਮੂਲ ਅਧਿਕਾਰ ਵਿਚ ਲਿਆਣ ਲਈ ਜ਼ੋਰ ਦਿਤਾ ਜਾਵੇਗਾ।

ਜੋ ਸੁਰਕਾਰ ਆਪਣੇ ਨਾਗਰਿਕਾਂ ਨੂੰ ਰੁਜ਼ਗਾਰ ਨਾ ਦੇ ਸਕੇ, ਜਾਨ ਮਾਲ ਦੀ ਰਾਖੀ ਨਾ ਕਰ ਸਕੇ, ਉਸਨੂੰ ਤਬਦੀਲ ਕਰਨਾ ਜਨਤਾ ਦਾ ਹੱਕ ਹੈ। ਇਨਕਲਾਬ ਜ਼ਿੰਦਾਬਾਦ।

ਆਰ. ਪੀ. ਪਰਤਾਪ

---

ਇਕ ਬੰਗਲਾ ਕਹਾਣੀ

# ਉਪਰੇਸ਼ਨ ਜੋਨਾਕੀ

ਲੇਖਕ-**ਸੰਜੀਵ**

ਅਨੁਵਾਦ : ਨਰਿੰਦਰ/ਕਰਤਾਰ

ਗੱਲਾਂ ਕਰਦਿਆਂ ਕਰਦਿਆਂ ਕਿਸੇ ਹੋਰ ਪਾਸੇ ਭਟਕ ਗਏ ਨੇ ਅਨਿਮੇਸ਼ ਦਾ। ਸ਼ਾਇਦ ਉਹਨਾਂ ਦੀ ਨਜ਼ਰ ਪਲੇਟ ਤੋਂ ਪਰੋਸੇ ਮੁਰਗੇ ਤੇ ਜਾ ਟਿਕੀ ਹੈ। ਇਹ ਸਾਡਾ ਵਹਿਮ ਵੀ ਹੋ ਸਕਦਾ ਹੈ। ਸੱਚ ਤਾਂ ਇਹ ਐ, ਕਿ ਉਹ ਐਸ ਵੇਲੇ ਨਾ ਤਾਂ ਮੁਰਗੇ ਦੀ ਟੰਗ ਵੇਖ ਰਹ ਨੇ, ਨਾ ਪਲੇਟ ਅਤੇ ਨਾ ਹੀ ਕੁਝ ਹੋਰ। ਕਿਸੇ ਹੋਰ ਪਾਸੇ ਹੀ ਲਗਦੀ ਐ ਉਨ੍ਹਾਂ ਦੀ ਨਜ਼ਰ। ਮਹੌਲ ਕਿਸੇ ਆਦਮ-ਖੋਰ ਗਰਭਵਤੀ ਪਸੂ ਦੇ ਭਾਰੀ, ਪਰ ਚੁਕੰਨੇ ਕਦਮਾਂ ਦੀ ਆਵਾਜ਼ ਵਰਗਾ, ਘੜੀ ਦੀ ਟਿਕ ਟਿਕ 'ਚ ਬਦਲ ਜਾਦਾ ਹੈ। ਘੜੀ ਦੇ ਅਲਾਰਮ ਦੀ ਆਵਾਜ਼ ਨਾਲ ਹੀ, ਬਾਰਾਂ ਵਜਦੇ ਨੇ,ਮਹੌਲ ਟੁਕੜੇ ਟੁਕੜੇ ਹੋਕੇ ਹਵਾ 'ਚ ਉਛਲਦਾ ਸਾਡੇ ਸਾਹਮਣੇ ਆ ਡਿਗਦਾ ਹੈ। ਪਲੇਟ 'ਚ ਪਈ ਇਕ ਇਕ ਬੋਟੀ ਦੀ ਧੜਕਣ ਦਹਿਸ਼ਤ ਨਾਲ ਫੜਕ ਉਠਦੀ ਹੈ।

ਅਨਿਮੇਸ਼ ਦਾ ਕਦੋਂ ਹੜਬੜਾ ਕੇ ਉਠੇ, ਕੁਰਸੀਆਂ ਨੂੰ ਪਿੱਛੇ ਧੱਕਦਿਆਂ, ਸੁੱਟਦਿਆਂ ਕਦੋਂ ਵਾਸ਼ਬੇਸਿਨ ਕੋਲ ਜਾ ਪਹੁੰਚੇ, ਅਤੇ ਕਦੋਂ ਓ-ਓ ਕਰਦਿਆਂ ਉੱਲਟੀ ਕਰਨ ਲਗ ਪਏ, ਅਸੀਂ ਹੈਰਾਨ ਰਹਿ ਗਏ।

ਮੈਂ ਸ਼ੱਕ ਦੀ ਨਜ਼ਰ ਨਾਲ ਹਰ ਚੀਜ਼ ਨੂੰ ਘੂਰਦਾ ਹਾਂ, ਪਰ ਸ਼ੱਕ ਦੀ ਕੋਈ ਵਜਾਹ ਹੈ ਹੀ ਕਿਥੇ ? ਅਨਿਮੇਸ਼ ਦਾ ਨੇ ਤਾਂ ਅਜੇ ਮੁਰਗੇ ਨੂੰ ਛੂਹਿਆ ਤੱਕ ਨਹੀਂ। ਕਿਤੇ ਬਾਹਰੋਂ ਤਾਂ ਕੁਝ ਖਾ ਪੀ ਕੇ ਨਹੀਂ ਆਏ ? ਅਪਰੇਸ਼ਨ ਏਰੀਆ ਦੇਖਣ ਤੋਂ ਲੈ ਕੇ ਨੀਮ ਫੌਜੀ ਟੁਕੜੀਆਂ ਦਾ ਜਾਇਜ਼ਾ ਲੈਣ ਇਕੱਲੇ ਗਏ ਤਾਂ ਸੀ; ਪਰ ਸਾਡੇ ਸੂਹੀਏ ਦੀ ਸੂਚਨਾ ਮੁਤਾਬਕ ਕਿਤੇ ਪਾਣੀ ਤੱਕ ਨਹੀਂ ਪੀਤਾ ਸੀ ਉਹਨਾਂ ਨੇ। ਫਿਰ...

ਵੱਡੇ ਬਾਬੂ ਦੇ ਹੱਥੋਂ ਤੌਲੀਆ ਲੈ ਕੇ ਹੱਥ ਮੂੰਹ ਪੂੰਝ ਕੇ ਲੜਖੜਾਉਂਦੇ ਹੋਏ ਕੁਰਸੀ ਤੇ ਨਿਢਾਲ ਹੋ ਕੇ ਬੈਠ ਗਏ ਨੇ ਅਨਿਮੇਸ਼ ਦਾ। ਸਿਰ ਸੁੱਟ ਕੇ ਮੁਰਦਿਆਂ ਵਾਂਗ ਨਿਢਾਲ ਹੋਏ ਪਏ ਨੇ। ਅਸੀਂ ਸੀਲਿੰਗ ਫੈਨ (ਛੱਤ ਵਾਲਾ ਪੱਖਾ) ਫੁੱਲ ਸਪੀਡ ਤੇ ਕਰ ਦਿੰਦੇ ਹਾਂ।

"ਦਾਦਾ!" ਉਨ੍ਹਾਂ ਨੂੰ ਹੌਲੀ ਜਿਹੀ ਬੁਲਾਉਂਦਾ ਹਾਂ।

"ਹੂੰ S S S!" ਦਰਦ ਭਰੀ ਆਵਾਜ਼ ਦੇ ਨਾਲ ਹੀ ਇਕ ਪਲ ਅੱਖਾਂ ਖੋਹਲਦੇ ਹਨ, ਫਿਰ ਬੰਦ ਕਰ ਲੈਂਦੇ ਹਨ। ਕਿਸੇ ਬੀਮਾਰ ਮਰੀਜ਼ ਵਾਗੂੰ ਭਰੜਾ ਜਾਂਦੀ ਹੈ ਆਵਾਜ਼, "ਘਬਰਾਓ ਨਾ, ਮੈਂ ਠੀਕ ਹਾਂ...ਬਸ ਥੋੜਾ ਜਿਹਾ ਆਰਾਮ ਲੈਣ ਦਿਓ, ਪਲੀਜ਼!" ਮੈਨੂੰ ਥੋੜੀ ਤਸੱਲੀ ਮਿਲਦੀ ਹੈ। ਆਵਾਜ਼ ਲੱਖ ਭਰੜਾ ਜਾਵੇ, ਹੈ ਤਾਂ

ਉਹ ਗਰਜ਼ਦੀ ਆਵਾਜ਼। ਅੱਖਾਂ ਲੱਖ ਢੱਕੀਆਂ ਹੋਣ, ਹੈ ਤਾਂ ਉਹੀ ਚੀਤੇ ਵਰਗੀਆਂ ਮੱਚਦੀਆਂ ਅੱਖਾਂ। ਛੇ ਫੁੱਟਾ ਕੱਦ! ਕਰੜ ਬਰੜੀਆਂ ਮੁੱਛਾਂ, ਖੂੰ ਖਾਰ ਨਰਸਿੰਹ ਨੇ ਅਮਿਨੇਸ਼ ਦਾ।

ਸਟੋਰ 'ਚ ਪਏ ਬੂਟਾਂ ਚੋਂ ਉਨ੍ਹਾਂ ਦੇ ਪੈਰ 'ਚ ਇਕ ਵੀ ਨਹੀਂ ਆਉਂਦਾ। ਹਜ਼ਾਰਾਂ ਅਫਸਰਾਂ ਚੋਂ ਦੂਰੋਂ ਹੀ ਪਹਿਚਾਣੇ ਜਾਂਦੇ ਨੇ। ਸਿਰਫ ਸ਼ਖਸੀਅਤ ਹੀ ਨਹੀਂ, ਆਚਰਣ ਤੋਂ ਵੀ...ਅਦਾਲਤਾਂ ਦੀਆਂ ਸਜ਼ਾਵਾਂ 'ਚ ਭੋਰਾ ਭਰ ਵੀ ਵਿਸ਼ਵਾਸ ਨਹੀਂ। ਉਥੇ ਪੈਸੇ ਦੀ ਪਹੁੰਚ ਨਾਲ ਭਾਵੇਂ ਕੋਈ ਦੋਸ਼ੀ ਬਰੀ ਹੋ ਜਾਵੇ, ਉਹ ਪਹਿਲਾਂ ਹੀ ਮਾਰ ਮਾਰ ਕੇ ਐਨਾ ਅਧਮੋਇਆ ਕਰ ਦਿੰਦੇ ਨੇ ਕਿ ਦੁਬਾਰਾ ਜੁਰਮ ਕਰਣ ਦੇ ਕਾਬਿਲ ਹੀ ਨਹੀਂ ਰਹਿੰਦਾ। ਸਸਪੈਂਡ ਹੁੰਦੇ ਰਹੇ, ਬਦਲੀਆਂ ਹੁੰਦੀਆਂ ਰਹੀਆਂ, ਪਰ ਜ਼ਿੱਦ ਨਹੀਂ ਛੱਡੀ ਅਤੇ ਬੁੱਢੇ ਹੋਣ ਤੱਕ ਵੀ ਸਿਰਫ ਇਲਾਕਾ ਇਨਸਪੈਕਟਰ ਦੇ ਅਹੁਦੇ ਤੱਕ ਹੀ ਪਹੁੰਚ ਸਕੇ। ਬੱਚਾ ਵੀ ਸੀ, ਜੋ ਬਚਪਨ 'ਚ ਹੀ ਅਗਵਾ ਕਰ ਲਿਆ ਗਿਆ। ਸੁਣੀਦਾ ਹੈ ਕਿ ਪਤਨੀ ਵੀ ਇਧਰ ਹੀ ਪਾਗਲ ਹੋ ਕੇ ਮਰੀ। ਖਬਤੀ ਹੋ ਜਾਣਾ ਕੋਈ ਹੈਰਾਨੀ ਨਹੀਂ! ਨਾ ਫੁੱਲ, ਨਾ ਫਲ, ਸਿਰਫ ਇਕ ਕੰਡਿਆਲੀ ਤਾਰ। ਬਾਹਰ ਕੁਝ ਖਾਂਦੇ ਪੀਂਦੇ ਨਹੀ, ਗੱਲ ਤੱਕ ਨਹੀਂ ਕਰਦੇ ਕਿਸੇ ਨਾਲ। ਅਲਬਤਾ ਸੈਂਟੀਮੈਂਟ ਭੜਕਾ ਦਿਓ, ਸਾਨ ਤੇ ਚੜ੍ਹਾ ਦਿਓ, ਤੇ ਫਿਰ ਦੇਖੋ ਕਰਿਸ਼ਮਾ! **ਜੋਨਾਕੀ** ਪਿੰਡ ਦੇ ਭੜਕੇ ਕਿਸਾਨਾਂ ਤੇ ਮਜ਼ਦੂਰਾਂ ਨਾਲ ਨਿਬੜਣ ਲਈ ਉਚੇ ਅਧਿਕਾਰੀਆਂ ਨੇ ਜਾਣ ਬੁੱਝ ਕੇ ਅਜੇਹੇ ਅੜਬ ਬੇ-ਰਹਿਮ ਅਤੇ ਸਨਕੀ ਪੁਲੀਸ ਅਫਸਰ ਨੂੰ ਚੁਣਿਆ ਹੈ। ਬਾਕੀ ਰਿਹਾ ਸੈਂਟੀਮੈਂਟ ਭੜਕਾਉਣ ਦਾ ਸੁਆਲ, ਜਿਵੇਂ ਸਾਡੇ ਸੂਹੀਏ ਨੇ ਦੱਸਿਆ ਹੀ ਹੈ ਕਿ, ਜਦੋਂ ਅਮਿਨੇਸ਼ ਦਾ ਦੇ ਸਾਹਮਣੇ ਉੱਚ ਘਰਾਣੇ ਦੀਆਂ ਔਰਤਾਂ ਅਤੇ ਬਜ਼ੁਰਗਾਂ ਨੇ ਰੋ ਰੋ ਕੇ ਅੱਤਵਾਦੀਆਂ ਦੇ ਜ਼ੁਲਮਾਂ ਦੇ ਕਿੱਸੇ ਸੁਣਾਏ ਸੀ। ਕੁਝ ਕੁ ਗੱਲਾਂ ਤਾਂ ਲੂਣ ਮਿਰਚਾਂ ਲਾ ਕੇ ਵੀ ਕੰਨਾਂ 'ਚ ਪਾ ਦਿਤੀਆਂ। ਇਹ ਵੀ ਚੰਗਾ ਹੀ ਹੋਇਆ ਕਿ ਕੁਝ ਚਾਸਾ ਅਤੇ ਆਦਿ ਵਾਸੀਆਂ ਨੇ ਚੈਟਰਜੀ ਘਰਾਣੇ ਚੋਂ ਸਮਝ ਕੇ ਇਨ੍ਹਾਂ ਨਾਲ ਦੁਰ ਵਿਵਹਾਰ ਕੀਤਾ। ਸਾਡੇ ਸੂਹੀਏ ਨੇ ਇਨ੍ਹਾਂ ਨੂੰ ਸਤੇਯਨ ਵਿਖਾ ਦਿਤਾ ਹੈ। ਕਾਫੀ ਚਿਰ ਤੱਕ ਆਪਣੀ ਯੁੱਧ ਨੀਤੀ (ਵਿਉਂਤ ਬੰਦੀ) ਤੇ ਗੌਰ ਕਰਦੇ ਰਹੇ ਸੀ, ਅਮਿਨੇਸ਼ ਦਾ।

ਇਧਰ ਉਧਰ ਟਹਿਲਦਿਆਂ ਮੈਂ ਘੜੀ ਮੁੜੀ ਟਾਈਮ ਦੇਖਦਾ ਹਾਂ। ਉਹ ਸਮਾਂ ਸਕਿੰਟ ਸਕਿੰਟ ਕਰਕੇ ਹੱਥਾਂ ਚੋਂ ਕਿਰਦਾ ਜਾ ਰਿਹਾ ਹੈ, ਅਤੇ ਅਮਿਨੇਸ਼ ਦਾ ਨੇ ਕਿ...ਅਜੇ ਵੀ ਮੁਰਦਿਆਂ ਵਾਂਗੂ ਨਿਢਾਲ! ਅਪਰੇਸ਼ਨ ਤੋਂ ਠੀਕ ਪਹਿਲਾਂ ਅਜੇਹੀ ਹਾਲਤ ਕਿੰਨੀ ਖਤਰਨਾਕ ਹੈ। ਮੈਂ ਉਹਨਾਂ ਨੂੰ ਝੰਜੋੜ ਕੇ ਜਗਾਉਣਾ ਚਾਹੁੰਦਾ ਹਾਂ। ਪਰ ਸਮੇਂ ਦੀ ਨਾਜ਼ੁਕਤਾ ਦੇਖ ਕੇ ਮੇਰੀ ਬਾਜ਼ ਵਰਗੀ ਤਿੱਖੀ ਨਜ਼ਰ ਅਜੇਹਾ ਕਰਨ ਤੋਂ ਮੈਨੂੰ ਰੋਕ ਲੈਂਦੀ ਹੈ। ਬੇਵੱਸੀ 'ਚ ਪੌੜੀਆਂ ਚੜ੍ਹ ਕੇ ਛੱਤ ਤੇ ਆ ਜਾਂਦਾ ਹਾਂ। ਬਿੰਡਿਆਂ ਦੇ ਰੌਲੇ 'ਚ ਰਾਤ ਠੰਡੇ ਸਾਹ ਲੈ ਰਹੀ ਹੈ। ਬਰਫੀਲੀ ਰਾਤ 'ਚ ਪਿਆ ਕੋਰਾ ਸੰਘ ਤੱਕ ਚੀਰਦਾ ਜਾ ਰਿਹਾ ਹੈ। ਕੁਝ ਅਸਪਸ਼ਟ ਜਹੀਆਂ ਡਰਾਉਣੀਆਂ ਆਵਾਜ਼ਾਂ ਪੂਰਬ ਵਾਲੇ ਪਾਸਿਓਂ ਰੁਕ ਰੁਕ ਕੇ ਆਉਂਦੀਆਂ ਹਨ। ਸਾਡੇ ਜਵਾਨ ਪੀ ਪੀ ਕੇ ਨਸ਼ੇ ਦੇ ਲੋਰ 'ਚ ਮਸਤ ਰਹੇ ਹਨ। ਸਾਨੂੰ ਸ਼ੱਕ ਹੁੰਦਾ ਹੈ ਕਿਤੇ ਇਹ ਆਵਾਜ਼ਾਂ ਇਸੇ ਪਿੰਡ ਤੋਂ ਤਾਂ ਨਹੀਂ ਆ ਰਹੀਆਂ। ਅਸੰਭਵ ਤਾਂ ਨਹੀਂ, ਨਵੀਂ ਥਾਂ ਹੈ, ਨਿਸ਼ਾਨਾ ਕਈ ਵਾਰ ਕੁਲਗੱਡ ਵੀ ਹੋ ਜਾਇਆ ਕਰਦਾ ਹੈ। ਇਸ ਸੰਘਣੇ ਕੋਰੇ 'ਚ ਠੀਕ ਠਾਕ ਪਤਾ ਵੀ ਤਾਂ ਨਹੀਂ ਲਗਦਾ।

ਦੁਪਿਹਰੇ ਸਾਰਾ ਕੁਝ ਸਾਫ ਸਾਫ ਦਿਸ ਰਿਹਾ ਸੀ। ਪਿੰਡ ਦੇ ਟੋਬੇ ਤੋਂ ਨਹਾ ਕੇ ਕੱਛ 'ਚ ਗਾਗਰ ਫਸਾਈ ਔਰਤਾਂ ਨੂੰ ਮੈਂ ਇਸੇ ਛੱਤ ਤੋਂ ਵੇਖਿਆ ਸੀ। ਆਪਣੇ ਜੁਆਨਾਂ ਦੀਆਂ ਅੱਖਾਂ 'ਚ ਕਾਮੁਕਤਾ ਦੇ ਵਹਿਸ਼ੀਪਨ ਨੂੰ ਵੀ ਮੈਂ ਨੋਟ ਕੀਤਾ ਸੀ। ਪਿੰਡ ਦੇ ਰਿਵਾਜ਼ ਮੁਤਾਬਕ ਅੱਧੇ ਕੱਜੇ ਸ਼ਰੀਰਾਂ ਨੂੰ, ਉਹ ਐਸੀ ਨਜ਼ਰ ਵੇਖ ਰਹੇ ਸੀ ਕਿ ਮੌਕਾ ਮਿਲਦਿਆਂ ਹੀ ਉਹ ਉਹਨਾਂ ਤੇ ਝਪਟ ਪੈਣ। ਮੈਂ ਸੋਚ ਰਿਹਾ ਸੀ ਕਿ ਅਮਿਨੇਸ਼ ਦਾ ਦੀ ਨਜ਼ਰ ਇਹਨਾਂ ਤੇ ਨਾ ਹੀ ਪਵੇ, ਸ਼ਾਇਦ ਪਈ ਵੀ ਨਹੀਂ। ਅਪਰੇਸ਼ਨ ਦੇ ਇਲਾਕੇ ਚੋਂ ਸਿਰ ਸੁੱਟੀ ਸਿਧੇ ਇਥੇ ਹੀ ਪਹੁੰਚੇ ਸੀ ਉਹ, ਕੀ ਐਨੇ ਚੌਕੰਨੇ ਅਫਸਰ ਤੋਂ ਇਹ ਛੁੱਟ ਸਕਦਾ ਹੈ...! ਉਹ, ਅਗਾਹ ਉਹਨਾਂ ਵੇਖ ਹੀ ਲਿਆ ਹੈ ਤਾਂ ਇਹਦੇ 'ਚ ਨਾਰਾਜ਼ ਹੋਣ ਵਾਲੀ ਕੋਈ ਵਿਸ਼ੇਸ਼ ਗੱਲ ਤਾਂ ਸੀ ਨਹੀਂ। ਜਵਾਨਾਂ ਦੀ ਗੱਲ ਹੈ, ਗੌਤਮ ਬੁੱਧ ਤਾਂ ਉਹ ਹੋਣ ਤੋਂ ਰਹੇ! ਉਂਝ-ਤੇ ਛਟੇ ਹੋਏ ਸਾਂਨ ਤਾਂ ਇਹ ਹੁੰਦੇ ਹੀ ਹਨ ਅਜੇਹੇ ਮੌਕਿਆਂ ਤੇ ਅਸੀਂ ਐਨੀ ਕੁ ਗੁੰਜਾਇਸ਼ ਤਾਂ ਰਖਦੇ ਹੀ ਹਾਂ। ਫਿਰ ਇਥੋਂ ਦੀ ਨਾ ਸਹੀ, ਜੋਨਾਕੀ ਦੀਆਂ ਚਾਸਿਨਾਂ ਤੇ ਆਦਿਵਾਸਨਾਂ ਦੇ ਗਰੂਰ ਨੂੰ ਤਾਂ ਭੰਨਣਾ ਹੀ ਹੈ। ਬੜੀਆਂ ਆਕੜ ਕੇ ਚਲਦੀਆਂ ਹਨ।

—ਸਤਿਯੇਨ ਦੇ ਭੜਕਾਉਣ ਤੋਂ ਪਹਿਲਾਂ ਇਹ ਆਦਿ ਵਾਸੀ ਕਿੰਨੇ ਸਿਧੇ ਤੇ ਜੀ ਹਜ਼ੂਰੀਏ ਸੀ। ਪਰ ਹੁਣ...? ਜਦੋਂ ਤੋਂ ਸਤਿਯੇਨ ਉਹਨਾਂ 'ਚ ਆ ਗਿਆ ਹੈ, ਆਪਣੇ ਸਾਹਮਣੇ ਕਿਸੇ ਨੂੰ ਕੁਛ ਸਮਝਦੇ ਹੀ ਨਹੀਂ। ਜਦੋਂ ਜੀ ਕੀਤਾ ਦਰਖ਼ਤ ਵੱਢ ਲਏ, ਤਲਾ ਚੋਂ ਮੱਛੀਆਂ ਫੜ ਲਈਆਂ, ਜਦੋਂ ਜੀ ਕੀਤਾ, ਫਸਲਾਂ ਕੱਟ ਲਈਆਂ। ਜ਼ਾਬਤਾ ਇਉਂ ਹੀ ਟੁੱਟਦਾ ਰਿਹਾ ਤਾਂ ਇਹਦਾ ਨਤੀਜਾ

ਉਹੀ ਹੋ ਸਕਦਾ ਹੈ, ਜੋ ਇਥੇ ਹੋਇਆ । ਦਰੋਗੇ ਤੱਕ ਨੂੰ ਭਜਾ ਦਿੱਤਾ ਉਹਨਾਂ ਨੇ । ਮੰਨਿਆ ਕਿ ਜਾਗੀਰਦਾਰਾਂ ਦੀ ਸ਼ਹਿ ਤੇ ਹੀ ਉਥੇ ਗਏ ਸੀ, ਮੂੰਹ 'ਚੋਂ ਕੁਝ ਕੁਬੋਲ ਵੀ ਨਿਕਲ ਗਏ ਸੀ, ਫਿਰ ਵੀ...! ਪੁਲੀਸ ਦੀ ਦਬਸ਼ ਜੇ ਇਉਂ ਹੀ ਮਿੱਟਦੀ ਗਈ ਤਾਂ ਅਮਨ ਅਤੇ ਕਾਨੂੰਨ ਦੀ ਹਾਲਤ ਨੂੰ ਹਰ ਕੋਈ ਮਖੌਲ ਹੀ ਸਮਝ ਬੈਠੂਗਾ ? ਪਰ ਮੈਂ ਇਹ ਸਭ ਕੁਝ ਕਾਹਦੇ ਲਈ ਸੋਚੀ ਜਾ ਰਿਹਾ ਹਾਂ ? ਕਿਤੇ ਇਹ ਦਹਿਸ਼ਤ ਦੇ ਖਿਲਾਫ ਮੋੜਵੀਂ ਦਹਿਸ਼ਤ ਦੀ ਹਾਲਤ ਤਾਂ ਨਹੀਂ ? ਜੁਗਨੂੰ, ਭਾਵ ਸਤਿਯੇਨ ਦੇ ਸ਼ਬਦਾਂ 'ਚ ਸਫੁਲਿੰਗ ! ਇਥੋਂ ਹੀ ਨਹੀਂ ਦਿਖਦੀ ਨੇੜੇ ਬਗੁਲੇ ਵਾਲੀ ਪਹਾੜੀ । ਨਾ ਹੀ ਖਜੂਰਾਂ ਦੇ ਲੰਮੇਂ ਲੰਮੇ ਰੁੱਖ ਹੀ ਦਿਸਦੇ ਨੇ । ਫਿਰ ਵੀ ਪਤਾ ਨਹੀਂ ਕਿਉਂ ਕੋਹਰੇ ਤੇ ਧੁੰਦ ਦੀ ਹਨੇਰੀ ਵਿਚ ਜੋਨਾਕੀ ਦੀ ਦਹਿਸ਼ਤ ਦੀ ਕੰਧ ਨੂੰ ਤੋੜਨਾ ਪੈਣਾ ਹੈ—ਕਿਸੇ ਵੀ ਕੀਮਤ ਤੇ ! ਅਮਿਨੇਸ਼ ਦਾਦਾ ਹੀ ਹਨ, ਜਿਹੜੇ ਐਸ ਮੌਕੇ ਸਭ ਕੁਝ ਸੁਆਹ ਕਰਨ ਤੇ ਤੁੱਲੇ ਹੋਏ ਹੁਨ । ਮੈਂ ਹਥੇਲੀਆਂ ਤੇ ਮੁੱਕੇ ਮਾਰਦਿਆਂ, ਬੇਚੈਨੀ ਨਾਲ ਛੱਤ ਤੇ ਘੁੰਮ ਰਿਹਾ ਹਾਂ । 'ਚਰ-ਰ, ਚਰ-ਰ' ਬੂਟਾਂ ਹੇਠਾਂ ਮਿੱਧੀ ਜਾ ਰਹੀ ਰੇਤ ਦੀ ਚਰ੍ਹਚਰਾਹਟ ! ਮਿੱਧ ਰਿਹਾ ਹਾਂ ਰੇਤ ਦੇ ਚਮਕਦੇ ਕਣਾਂ ਨੂੰ । ਪੈਰ ਰੱਖਦਿਆਂ ਹੀ ਬੁੱਝ ਜਾਂਦੀ ਹੈ ਚਮਕ । ਪੈਰ ਚੁੱਕਣ ਪਿਛੋਂ ਚਮਕਉਂਦੇ ਹੀ ਲਿਸ਼ਕਦੀ ਹੈ । ਨਪਾਕ ਛਿਪਕਲੀ ਵਾਂਗੂੰ ਆਪਣਾ ਭਾਰ ਤੋਲਦਾ ਹਾਂ । ਜੁਗਨੂੰਆਂ ਦੀ ਟਿਮਟਿਮਾਹਟ ਵਿਚ, ਵੱਡੇ ਬਾਬੂ ਦੇ ਕਹਿਣ ਤੇ ਮੈਂ ਚੌਂਕਦਾ ਹਾਂ; "ਸਰ", "ਉਹ ਤੁਹਾਨੂੰ ਯਾਦ ਕਰ ਰਹੇ ਨੇ ।"

ਛੱਤ ਤੋਂ ਉਤਰ ਆਉਂਦਾ ਹਾਂ । ਪੁੱਛਦਾ ਹਾਂ, ਕਿਵੇਂ ਹੋ ਦਾਦਾ ?" ਡਾਕਟਰ ਬੁਲਾਵਾਂ ?"

ਹੱਥ ਦੇ ਇਸ਼ਾਰੇ ਨਾਲ ਉਹ ਮਨਾਂ ਕਰਦੇ ਨੇ : ਥੋੜਾ ਰੁਕ ਕੇ ਕਹਿੰਦੇ ਨੇ, "ਗੁਸਤਾਖੀ ਲਈ ਮੁਆਫੀ ਤੁਸੀਂ ਸਾਰੇ ਰੋਟੀ ਖਾ ਲਉ, ਮੈਂ ਤਾਂ... ਭੁੱਲ ਮੇਰੀ ਹੀ ਸੀ, ਮੈਨੂੰ ਪਹਿਲਾਂ ਦੱਸ ਦੇਣਾ ਚਾਹੀਦਾ ਸੀ, ਕਿ ਮੈਂ ਮੁਰਗਾ ਨਹੀਂ ਖਾ ਸਕਦਾ ।"

"ਸਰ ਸਾਨੂੰ ਪਤਾ ਹੁੰਦਾ ਕਿ ਤੁਸੀਂ ਸਾਕਾਹਾਰੀ ਹੋ ਤਾਂ..." ਵੱਡੇ ਬਾਬੂ ਹਲੀਮੀ ਨਾਲ ਬੋਲਦੇ ਨੇ ।'

"ਨਾ—ਨਾ ਇਹ ਗੱਲ ਨਹੀਂ ।" ਵੱਡੇ ਬਾਬੂ ਦੀ ਗੱਲ ਵਿਚੋਂ ਹੀ ਟੋਕ ਕੇ ਬੋਲੇ ਅਮਿਨੇਸ਼ ਦਾ, "ਵੇਖੋ ਮਾਸ, ਆਂਡਾ, ਮੱਛੀ ਘਰ 'ਚ ਆਮ ਹੀ ਬਣਦਾ ਹੁੰਦਾ ਸੀ, ਬਸ ਮੁਰਗਾ ਨਹੀਂ...।" ਇਹ ਕਹਿੰਦਿਆਂ ਹੀ ਉਹ ਦੋਵੇਂ ਹੱਥਾਂ ਨਾਲ ਮੂੰਹ ਢੱਕ ਕੇ ਫਿਸ ਪਏ ।

"ਦਾਦਾ, ਇਹ ਕੀ...? ਇਹ ਕੀ, ਦਾਦਾ ?"... ਮੈਂ ਹਮਦਰਦੀ ਨਾਲ ਪਲੋਸ ਰਿਹਾ ਹਾਂ ਉਹਨਾਂ ਨੂੰ, "ਆਖਰ ਗੱਲ ਕੀ ਏ ?"

ਭਿੱਜੀਆਂ ਪਲਕਾਂ ਨਾਲ ਇਕ ਮਿੰਟ ਖਲਾਅ ਵੱਲ ਵੇਖ ਕੇ ਬੁੜਬੁੜਾ ਉਠਦੇ ਨੇ, "ਗਿਆਰਾਂ ਸਾਲ ਹੋ ਗਏ..." ਤੇ ਜਿਵੇਂ ਗਿਆਰਾਂ ਸਾਲ ਪਹਿਲਾਂ ਗੁਆਚੇ ਨਕਸ਼ਾਂ ਨੂੰ ਲੱਭਣ ਲਗਦੇ ਨੇ, "ਤੁਹਾਨੂੰ ਪਤਾ ਹੋਣਾ ਏ, ਕਿ ਮੇਰਾ ਇਕੋ ਇਕ ਬੱਚਾ, ਬਚਪਨ 'ਚ ਹੀ ਕਿਡਨੈਪ (ਅਗਵਾ) ਕਰ ਲਿਆ ਗਿਆ ਸੀ ।" ਜਿਵੇਂ ਉਨ੍ਹਾਂ ਦੀ ਆਵਾਜ਼ ਸਾਲਾਂ ਪੁਰਾਣੀ ਕਬਰ 'ਚੋਂ ਨਿਕਲੀ ਹੋਵੇ । ਅੱਤ ਡਰਾਉਣੀ; ਭੂਤਾਂ ਵਰਗੀ ਆਵਾਜ਼...!

"ਹਾਂ ਓਹ ਤਾਂ ਓਨ੍ਹਾਂ ਬਦਮਾਸ਼ਾਂ ਦੀ..." ਮੈਂ ਉਹ ਘਟਨਾ ਯਾਦ ਕਰਨ ਲੱਗਾ ਸੀ ।

"ਕਸੂਰ ਕੀ ਸੀ ਉਹਦਾ ਜਾਣਦੇ ਹੋ...? ਸੱਚ ਬੋਲਿਆ ਸੀ ਉਹਨੇ ! ਮੇਰੇ ਵਿਭਾਗ ਦੇ ਮੰਤਰੀ ਨੇ ਹੀ ਮੈਨੂੰ ਬੁਲਾਇਆ ਸੀ, ਬੱਚਾ ਪਿਆਰਾ ਸੀ, ਉਹ ਵੀ ਨਾਲ ਆ ਗਿਆ । ਉਦੋਂ ਉਹ ਦੋ ਹੋਰਾਂ ਨਾਲ ਚਾਹ ਪੀ ਰਹੇ ਸੀ । ਚਾਹ ਸਾਡੇ ਲਈ ਵੀ ਆ ਗਈ । ਤੇ ਬੱਚੇ ਲਈ ਇਕ ਫਲ । ਪਰ ਉਸਦੀ ਨਿਗਾਹ ਫਲ ਤੇ ਕਿੱਥੇ ਸੀ, ਉਹ ਤਾਂ ਉਹਨਾਂ ਦੋਹਾਂ ਅਜਨਬੀਆਂ ਨੂੰ ਵੇਖ ਕੇ ਚੌਂਕ ਉਠਿਆ, "ਬਾਬਾ, ਐਰਾਈ ਮਜੂਮਦਾਰ ਕਾਕੂ ਤੇ ਛੁਰੀ ਛੀਲੋ ! [ਡੈਡੀ ਏਰਾਈ ਮਜੂਮਦਾਰ ਨੂੰ ਛੁਰਾ ਇਹਨਾਂ ਮੇਰੇ ਸਾਹਮਣੇ ਮਾਰਿਆ ਸੀ ।] ਮੈਂ ਸੁੰਨ ਹੋ ਗਿਆ । ਇਮਾਨਦਾਰ ਕਾਂਗਰਸੀ ਕਾਰਕੁੰਨ ਮਜੂਮਦਾਰ ਬਾਬੂ ਮੇਰਾ ਗਵਾਂਢੀ ਸੀ । ਮਹੀਨਾ ਪਹਿਲਾਂ ਉਹਦਾ ਕਤਲ ਹੋ ਗਿਆ ਸੀ, ਪਰ ਕਤਲ ਦਾ ਕੋਈ ਥਹੁ ਪਤਾ ਨਾ ਮਿਲਣ ਕਰਕੇ ਇਸੇ ਮੰਤਰੀ ਨੇ ਮੇਰੀ ਕਾਰਗੁਜ਼ਾਰੀ ਤੇ ਮੈਨੂੰ ਝਾੜ ਪਾਈ ਸੀ ਅਤੇ ਫਾਈਨਲ ਰਿਪੋਰਟ ਲਿਆਉਣ ਲਈ ਕਹਿ ਕੇ ਵਿਦੇਸ਼ ਚਲਾ ਗਿਆ ਸੀ । ਇਸ ਤੋਂ ਪਹਿਲਾਂ ਕਿ ਮੈਂ ਕੁਝ ਬੋਲਦਾ, ਮੰਤਰੀਜੀ ਨੇ ਝਾੜ ਕੇ ਮੁੰਡੇ ਨੂੰ ਚੁੱਪ ਕਰਾ ਦਿੱਤਾ ਸੀ । ਮੈਂ ਕੋਈ ਵਿਰੋਧ ਨਾ ਕਰ ਸਕਿਆ । ਬੱਚੇ ਨੇ ਫਲ ਨੂੰ ਛੂਹਿਆ ਤੱਕ ਨਹੀਂ ਸੀ । ਮੰਤਰੀ ਸਾਹਿਬ ਗੰਭੀਰ ਬਣੇ ਬੈਠੇ ਰਹੇ ਅਤੇ ਪਿਛੋਂ ਮੈਨੂੰ ਇਕੱਲਿਆਂ ਆਉਣ ਦਾ ਇਸ਼ਾਰਾ ਕਰਦਿਆਂ ਚਲੇ ਜਾਣ ਲਈ ਕਿਹਾ । ਮੁੰਡੇ ਨੂੰ ਜਾਂਦੇ ਵੇਲੇ ਫਿਰ ਐਂਦਿਆਂ, ਪਿਆਰ ਨਾਲ ਸਿਰ ਤੇ ਹੱਥ ਰੱਖਿਆ, ਪੜ੍ਹਾਈ ਲਿਖਾਈ ਦੀਆਂ ਗੱਲਾਂ ਪੁੱਛੀਆਂ ਤੇ ਕਿਹਾ, "ਪੜ੍ਹਾਈ ਮਿਹਨਤ ਨਾਲ ਕਰੀਂ, ਵਾਧੂ ਗੱਲਾਂ ਨਹੀਂ ਕਰੀਦੀਆਂ । ਮੈਂ ਤੈਨੂੰ ਵਲਾਇਤ ਭੇਜਣਾ ਚਾਹੁੰਦਾ ਹਾਂ ।"

"ਕਿੰਤੂ ਆਮੀ ਸੱਬਈ ਕੇ ਬੋਲਬੋ, ਜੇ ਅਰਾ ਏਖਾਨੇ ਚਾ ਖਾਚ ਛੀਲੋ ।" (ਪਰ ਅਸੀਂ ਸੱਚ ਬੋਲਾਂਗੇ, ਉਹ ਇਥੇ ਹੀ ਚਾਹ ਪੀ ਰਿਹਾ ਸੀ ।) ਕਹਿਕੇ ਉਹ ਉਸਦੀ

ਪਕੜ ਚੋਂ ਭੱਜ ਕੇ ਨਿਕਲ ਆਇਆ। ਮੈਂ ਰਾਹ ਵਿਚ ਤੇ ਘਰ ਆ ਕੇ ਉਸਦੀ ਇਸ ਗਲਤੀ ਲਈ ਉਹਨੂੰ ਕੁੱਟਿਆ ਵੀ ਸੀ, ਇਹਨਾਂ ਹੀ ਹੱਥਾਂ ਨਾਲ--। ਉਹ ! ਦੂਜੇ ਦਿਨ ਹੀ ਉਹਨੂੰ ਸਕੂਲ ਤੋਂ ਘਰ ਆਉਂਦੇ ਸਮੇਂ ਅਗਵਾ ਕਰ ਲਿਆ ਗਿਆ, ਤੇ ਫੇਰ...।" ਉਹ ਰੁਕਕੇ ਆਪਣੇ ਅਥਰੂ ਪੂੰਝਣ ਲੱਗੇ, ਫਿਰ ਖਿੜਕੀ ਵਿਚੋਂ ਦੀ ਨਜ਼ਰ ਦੂਰ ਗੱਡ ਦਿੱਤੀ, ਸੰਘਣੇ ਹਨੇਰੇ ਵਿਚ।

"ਪਿਛੋਂ ਇਕ ਲੜਕਾ ਅਸੀਂ ਖੁੱਦ ਉਹਨਾਂ ਦੇ ਹਵਾਲੇ ਕਰ ਦਿੱਤਾ।" ਜਿਵੇਂ ਹਨੇਰੇ ਵਿਚੋਂ ਹੀ ਉਨ੍ਹਾਂ ਗਵਾਚੀ ਹੋਈ ਸ਼ਕਲ ਤਰਾਸ਼ ਲਈ ਹੋਵੇ ਅਤੇ ਉਹ ਉਹਨਾਂ ਦੀ ਅਵਾਜ਼ ਦੇ ਪਿਛੇ ਪਿਛੇ ਸਹਿਕਦੀ ਚਲੀ ਆ ਰਹੀ ਹੋਵੇ। ਅਮੂਰਤ ਵਰਗੀ।

"ਤੁਸੀਂ ਮੇਰਾ ਕੱਦ ਕਾਠ ਵੇਖ ਕੇ ਸ਼ੱਕ ਕਰ ਸਕਦੇ ਹੋਵੋਗੇ, ਪਰ ਉਹ ਪੰਜ ਫੁੱਟ ਪੰਜ ਇੰਚ ਦਾ ਮੁੰਡਾ ਮੈਨੂੰ ਬੌਣਾ ਬਣਾ ਗਿਆ। ਉਹਨੂੰ ਗੁਜ਼ਰਿਆਂ ਗਿਆਰਾਂ ਸਾਲ ਹੋ ਗਏ ਨੇ।" ਉਹਨਾਂ ਇਕ ਠੰਡਾ ਹਾਉਕਾ ਲਿਆ ਤੇ ਸਹਿਜੇ ਸਹਿਜੇ ਦੱਸਣ ਲਗੇ, "ਉਹਦੇ ਬਾਰੇ ਸਾਨੂੰ ਪਤਾ ਲਗਾ ਸੀ ਕਿ ਉਹ ਇੱਕ ਖਤਰਨਾਕ ਨਕਸਲ-ਲਾਈਟ ਹੈ...ਪਰ ਉਹ ਐਨੀ ਆਸਾਨੀ ਨਾਲ ਫੜਿਆ ਗਿਆ ਕਿ ਮੈਨੂੰ ਆਪਣੀ ਸਾਰੀ ਸਟੇਟ੍ਰਜੀ (ਵਿਉਂਤਬੰਦੀ) 'ਤੇ ਸੰਕੋਚ ਹੋ ਗਿਆ। ਉਹ ਇੱਕ ਛੋਟੀ ਜਹੀ ਪਾਨ ਦੀ ਦੁਕਾਨ ਤੇ ਮੂੜੀ (ਲਾਈ) ਫੱਕ ਰਿਹਾ ਸੀ, ਕਿ ਅਸੀਂ ਉਥੇ ਹੀ ਉਹਨੂੰ ਜਾ ਦੱਬਿਆ, ਉਹਦੀ ਤਲਾਸ਼ੀ ਲਈ ਤਾਂ ਝੋਲੇ ਵਿਚੋਂ ਇਕ ਪਜਾਮਾ, ਇਕ ਕੱਛਾ, ਇਕ ਪਰਨਾ ਤੇ ਕੁਝ ਕੁ ਕਵਿੱਤਾਵਾਂ ਦੇ ਮਿੱਥੇ ਕਾਗਜ਼ਾਂ ਤੋਂ ਬਿਨਾਂ ਕੁਝ ਵੀ ਨਾ ਮਿਲਿਆ। ਜੇਬ ਚੋਂ ਇੱਕ ਆਮ ਸਸਤਾ ਜਿਹਾ ਪੈੱਨ, ਦੋ ਰੁਪਏ ਤੇ ਕੁਝ ਭਾਨ ਸੀ। ਚਿਹਰਾ ਨਿਹਾਇਤ ਸ਼ਰੀਫ, ਸਾਊ। ਸਾਨੂੰ ਖਿੱਝ ਆਈ ਆਖਰ ਕਿਹੜੇ ਆਧਾਰ ਤੇ ਉਹਨੂੰ ਖ਼ਤਰਨਾਕ ਦੱਸਿਆ ਗਿਆ ਸੀ। ਖੈਰ ਅਸੀਂ ਤਾਂ ਹੁਕਮ ਦੀ ਤਮੀਲ ਕਰਨੀ ਸੀ, ਸੋ ਅਸੀਂ ਕੀਤੀ। ਹੁਣ ਬਾਕੀ ਰਹਿ ਗਿਆ ਸੀ, ਉਸਤੋਂ ਉਹਦੇ ਦੂਸਰੇ ਸਾਥੀਆਂ ਅਤੇ ਉਹਦੀ ਜਥੇਬੰਦੀ ਬਾਰੇ ਜਾਣਕਾਰੀ ਲੈਣੀ।

ਥਾਣੇ 'ਚ ਮੇਰੇ ਸਾਹਮਣੇ--ਖੜਾ ਸੀ, ਉਹ। ਮੈਂ ਉਹਨੂੰ ਸਿਰ ਤੋਂ ਪੈਰਾਂ ਤੱਕ ਸਰਸਰੀ ਨਿਗਾਹ ਨਾਲ ਦੇਖ ਕੇ ਕੁਰਸੀ ਤੇ ਬੈਠਣ ਨੂੰ ਕਿਹਾ, ਤੇ ਉਹ ਅਨਾੜੀ ਤੇ ਸਹਿਮਿਆ ਹੋਇਆ ਬੈਠ ਗਿਆ।

"ਤਾਂ ਤੇਰਾ ਨਾਂ ਚਿਨਮਯ ਹੈ ?" ਮੇਰੇ ਪੁੱਛਣ ਤੇ ਉਹਨੇ ਕੋਈ ਜਵਾਬ ਨਾ ਦਿੱਤਾ।

"ਪਿਉ ਦਾ ਨਾਂ ? ਘਰ ਦਾ ਪਤਾ ? ਕਿਉਂ ਆਇਆ ਸੀ ਇਥੇ ?" ਇਕ ਇਕ ਕਰਕੇ ਸਾਰੇ ਸੁਆਲ ਉਸਦੀ ਜ਼ਹਿਰੀ ਚੁੱਪ 'ਚ ਘੁੱਲਦੇ ਗਏ ਤਾਂ ਮੇਰੀਆਂ ਨਿਗਾਹਾਂ ਤਣੀਆਂ ਗਈਆਂ, "ਵੇਖ ਸਾਫ ਸਾਫ ਦੱਸ ਦੇ, ਨਹੀਂ ਤਾਂ ਸੱਚਾਈ ਕੱਢਵਾਉਣੀ ਮੈਨੂੰ ਆਉਂਦੀ ਹੈ।"

"ਤੁਹਾਡੀ ਫਾਈਲ ਵਿਚ ਤਾਂ ਮੇਰੀ ਸਾਰੀ ਜਾਣ-ਕਾਰੀ ਪਹਿਲਾਂ ਹੀ ਦਰਜ ਹੈ, ਫਿਰ ਮੈਥੋਂ ਕਿਹੜੀ ਸੱਚਾਈ ਬਾਰੇ ਪੁੱਛ ਰਹੇ ਹੋ।" ਉਹ ਜ਼ਰਾ ਸਿੱਧਾ ਹੋ ਕੇ ਬਹਿ ਗਿਆ।

"ਤਾਂ ਤੂੰ ਚਿਨਮਯ ਨਹੀਂ ? ਤੇਰੇ ਪਿਉ ਦਾ ਨਾਂ ਪ੍ਰਮੋਦ ਬਾਗਚੀ ਨਹੀਂ ਹੈ, ਅਤੇ ਘਰ ਦਾ ਪਤਾ-ਮਧ ਪੁਕੂਰ ਪਿੰਡ, ਜ਼ਿਲਾ, ਹੁਗਲੀ। ਇਹ ਵੀ ਗਲਤ ਹੈ, ਕਿ ਤੂੰ ਦੇਸ਼ ਧਰੋਹੀ ਹੈਂ ? ਵੇਖ ਚੁਸਤ ਨਾ ਬਣ, ਨਹੀਂ ਤਾਂ...।"

"ਮੈਂ ਕਹਿ ਹੀ ਦਿੱਤਾ ਕਿ ਤੁਸੀਂ ਆਪਣਾ ਸੱਚ ਮੇਰੇ ਤੇ ਸੁੱਟਣਾਂ ਹੀ ਚਾਹੁੰਦੇ ਹੋ, ਤਾਂ ਦੱਸੋ ਕਿ, ਤੁਹਾਡੀ ਤਸੱਲੀ ਲਈ ਮੈਨੂੰ ਤੁਹਾਡੀ ਕਿਹੜੀ ਕਿਹੜੀ ਗੱਲ ਤੇ 'ਹਾਂ' ਜਾਂ 'ਨਾਂਹ' ਕਰਨੀ ਪਵੇਗੀ।"

ਮੈਂ ਇਕ ਦੱਮ ਹਿੱਲਿਆ। ਮੁੰਡਾ ਉਤੋਂ ਹੀ ਸ਼ਰੀਫ ਸੀ, ਸਾਊ ਸੀ, ਅੰਦਰੋਂ ਸੱਚੀਉਂ ਖਤਰਨਾਕ। ਸੱਚਾਈ ਦੀ ਤਹਿ ਤੱਕ ਪਹੁੰਚਣ ਲਈ ਮੈਂ ਨਾਟਕੀ ਢੰਗ ਨਾਲ ਆਪਣਾ ਰੁਖ ਬਦਲਿਆ, "ਤੂੰ ਖੁਦ ਹੀ ਦੱਸ ਕਿ ਤੂੰ ਕੌਣ ਏ ?"

"ਚਿਨਮਯ ਬਾਗਚੀ"

"ਪਿਉ ਦਾ ਨਾਂ ?"

"ਪ੍ਰਮੋਧ ਬਾਗਚੀ"

"ਮੈਂ ਖਿੱਝ ਕੇ ਕਿਹਾ ਕਿ...ਤੇ ਪਤਾ ਪੁੱਛਣ ਤੇ ਕਹੇਂਗਾ ਪਿੰਡ ਮਧ ਪੁਕੂਰ, ਜ਼ਿਲਾ ਹੁਗਲੀ ?

"ਜੀ"

"ਕਿਹੜੇ ਕਾਲਜ 'ਚ ਪੜ੍ਹਦਾ ਸੀ ਇਥੇ ਅਵਾਰਾ ਗਰਦੀ ਦਾ ਕੀ ਮਕਸਦ ?"

"ਇਹ ਵੀ ਤੁਹਾਡੀ ਫਾਈਲਾਂ ਵਿਚ ਹੋਊਗਾ, ਜੇ ਨਾ ਹੋਵੇ ਤਾਂ ਜਿਹੜੀ ਧਾਰਾ ਲਾਉਣੀ ਹੋਵੇ ਉਹਦੇ ਅਨੁਸਾਰ ਲਿਖ ਲੈਣਾ।" ਮੈਂ ਖਿੱਝ ਕੇ ਕਿਹਾ, "ਤਾਂ ਇਹਦਾ ਮਤਲਬ ਏ ਕਿ ਤੂੰ ਕਬੂਲ ਕਰਦਾ ਏਂ ਕਿ ਤੂੰ ਤੇ ਤੇਰੇ ਸਾਥੀਆਂ ਨੇ ਮਿਲਾ ਕੇ ਸਰਕਾਰ ਦਾ ਤਖ਼ਤਾ ਉਲਝਾਉਣ ਦੀ ਸਾਜ਼ਿਸ਼ ਰੱਚੀ..ਹੁਣ ਭਲਾ ਇਸੇ 'ਚ ਏ, ਕਿ ਤੂੰ ਆਪਣੇ ਉਨ੍ਹਾਂ ਦੇਸ਼ ਧਰੋਹੀ ਸਾਥੀਆਂ ਦੇ ਨਾਂ ਦੱਸ ਦੇ।"

ਮੇਰੀ ਰੜਕਦੀ ਆਵਾਜ਼ ਦੇ ਮੁਕਾਬਲੇ ਉਹਦੀ ਆਵਾਜ਼ ਬੇਹੱਦ ਸ਼ਾਂਤ ਤੇ ਨਰਮ ਸੀ, "ਤੁਸੀਂ ਸਕੂਲ ਫਾਈਨਲ ਪਾਸ ਕੀਤਾ ਹੀ ਹੋਵੇਗਾ ?"

"ਮਤਲਬ ?"

"ਸਟੇਟ ਤੇ ਗੌਰਮੈਂਟ ਦਾ ਫਰਕ ਤਾਂ ਸਮਝਦੇ ਹੀ ਹੋਵੋਂਗੇ ?" ਮੈਨੂੰ ਆਪਣੀਆਂ ਦਲੀਲਾਂ ਥੋਥੀਆਂ ਲੱਗੀਆਂ। ਚੱਕਰਾ ਗਿਆ ਸਿਰ। ਆਪਣੀ ਹਾਰ ਨੂੰ ਲੁਕੋਣ ਲਈ ਮੈਂ ਬੌਖਲਾ ਉਠਿਆ, "ਕਾਨੂੰਨੀ ਸਰਕਾਰ ਦਾ ਤਖ਼ਤਾ ਪਲਟਣ ਲਈ ਤੁਸੀਂ ਲੋਕਾਂ ਨੇ ਸਾਜ਼ਿਸ਼ ਰਚੀ। ਕੀ ਦੇਸ਼ ਧਰੋਹੀ ਨਹੀਂ ਹੋ ਤੁਸੀਂ ?"

"ਨਹੀਂ ਦੇਸ਼ ਸਰਕਾਰ ਤੋਂ ਬਹੁਤ ਉਪਰ ਦੀ ਚੀਜ਼ ਹੈ ਅਤੇ ਇਉਂ ਦੇਸ਼ ਧਰੋਹੀ ਦਾ ਖਿਤਾਬ ਦੇਣ ਲੱਗੋ ਤਾਂ ਜੇ ਕੱਲ ਨੂੰ ਰਾਜ-ਸੱਤਾ ਪਲਟ ਜਾਵੇਗੀ ਤਾਂ ਅੱਜ ਦੇ ਵਫ਼ਾਦਾਰ ਤੁਹਾਡੇ ਵਰਗੇ ਲੋਕ ਵੀ ਕੱਲ ਦੇਸ਼ ਧਰੋਹੀ ਨਹੀਂ ਕਰਾਰ ਦਿਤੇ ਜਾਣਗੇ ?"

ਮੈਂ ਉਹਦੀ ਦਲੀਲ ਤੇ ਸੁੰਨ ਰਹਿ ਗਿਆ। ਬੌਖਲਾਹਟ 'ਚ ਪੇਪਰ ਵੇਟ ਤੇ ਮੇਰੀ ਪਕੜ ਸਖ਼ਤ ਹੁੰਦੀ ਗਈ। ਭਲਾ ਹੋਵੇ ਛੋਟੇ ਬਾਬੂ ਦਾ। ਇਸ ਤੋਂ ਪਹਿਲਾਂ ਕਿ ਮੈਂ ਕੁਝ ਕਰ ਬਹਿੰਦਾ, ਉਹਨੇ ਬੜੇ ਸਹਿਜ ਢੰਗ ਨਾਲ ਗੱਲ ਬਾਤ ਦਾ ਰੁੱਖ ਆਪਣੇ ਮਕਸਦ ਵੱਲ ਮੋੜ ਲਿਆ, "ਤਾਂ ਇਸ ਲਈ ਤੁਸੀਂ ਲੋਕ ਹਿੰਸਾ ਭਾਵ ਖ਼ੂਨੀ ਇਨਕਲਾਬ ਦੀ ਗੱਲ ਕਰਦੇ ਹੋ ?"

"ਤੁਸੀਂ ਤਾਂ ਹਿੰਸਾ ਦੀ ਆੜ ਨਹੀਂ ਲੈਂਦੇ ਨਾ ?" ਜੁਆਬੀ ਹਮਲਾ ਸੀ ਉਹਦਾ ਅਤੇ ਜੁਆਬ ਹਾਜ਼ਰ ਸੀ ਛੋਟੇ ਬਾਬੂ ਦਾ, "ਬਿਲਕੁਲ ਨਹੀਂ।"

"ਜਦੋਂ ਗਰੀਬ ਕਿਸਾਨਾਂ, ਖੇਤ ਮਜ਼ਦੂਰਾਂ ਭੂੰਮੀ ਹੀਣਾਂ 'ਤੇ ਮਹਾਜਨ ਸੂਦਖੋਰ, ਜੋਤੇਦਾਰ ਅਤੇ ਜ਼ੀਮੀਂਦਾਰ ਹਿੰਸਾ ਕਰਦੇ ਨੇ ਤਾਂ ਤੁਹਾਡਾ ਆਦਰਸ਼ ਕਿਥੇ ਰਹਿੰਦਾ ਹੈ ? ਤੁਹਾਡੀ ਵਫ਼ਾਦਾਰੀ ਕਿਥੇ ਗਿਰਵੀ ਹੁੰਦੀ ਹੈ ? ਥਾਣੇ ਦੇ ਨਾਂ ਤੇ ਦਹਿਸ਼ਤ ਕਿਉਂ ਫੁੱਟਦੀ ਹੈ ?......ਹਿੰਸਾ ਤਾਂ ਦੁਨੀਆਂ ਦੀ ਹਰ ਸਰਕਾਰ ਹੀ ਕਰਦੀ ਹੈ। ਜਨਤਾ ਤੋਂ ਜਿਹੜੀ ਖੁਦ ਕੌਮ ਦਾ ਦੇਸ਼ ਦਾ ਇਕ ਅੰਗ ਹੈ, ਹਰ ਸਰਕਾਰ ਇਹ ਆਸ ਰੱਖਦੀ ਹੈ ਕਿ ਉਹ ਉਹਦੇ ਪ੍ਰਤੀ ਵਫ਼ਾਦਾਰ ਰਹੇ। ਜਿਹੜੇ ਆਪਣੀ ਵਫ਼ਾਦਾਰੀ ਦਾ ਸਬੂਤ ਨਹੀਂ ਪੇਸ਼ ਕਰ ਸਕਦੇ ਉਨ੍ਹਾਂ ਨੂੰ ਕੁਚਲ ਦਿੰਦੀ ਹੈ। ਦੋ ਦੇਸ਼ਾਂ ਦੀਆਂ ਅਜੇਹੀਆਂ ਅਖੌਤੀ ਜਮਹੂਰੀ ਸਰਕਾਰਾਂ ਦੇ ਨਾਇਕਾਂ ਦੀ ਹਵਸ ਕਾਰਨ ਬਿਨਾਂ ਵਜਹ, ਦੋ ਦੇਸ਼ਾਂ ਦੇ ਸ਼ਹਿਰੀਆਂ ਦੀਆਂ ਜਾਨਾਂ ਜਾਂਦੀਆਂ ਹਨ, ਪਰ ਇਹ ਹਿੰਸਾ ਨਹੀਂ ਹੈ ਨਾ ? ਜੰਗ ਦੇ ਸਮੇਂ ਹੀ ਨਹੀਂ, ਸੱਤਾ ਪ੍ਰਾਪਤੀ ਦੀ ਹਰ ਲੜਾਈ 'ਚ ਬਲਾਤਕਾਰ, ਲੁੱਟ ਗੁੰਡਾਗਰਦੀ, ਖੜੀਆਂ ਫਸਲਾਂ ਨੂੰ ਉਜਾੜਨ ਤੋਂ ਲੈ ਕੇ ਕਤਲਾਂ ਦੀਆਂ ਵਾਰਦਾਤਾਂ ਤੱਕ ਇਹ ਹਿੰਸਾ ਤੁਹਾਡੀ ਸੂਚੀ 'ਚ ਨਹੀਂ ਆਉਂਦੀ। ਉਹ ਤਾਂ ਦੇਸ਼ ਭਗਤੀ ਵਿਚ ਬਦਲ ਜਾਂਦੀ ਹੈ, ਹੈ ਨਾ। ਜੇਤੂ ਲਈ ਜਿਹੜੀ ਦੇਸ਼ ਭਗਤੀ ਹੈ, ਹਾਰਨ ਵਾਲੇ ਲਈ ਉਹੀ ਦੇਸ਼ ਧ੍ਰੋਹ ਹੈ।"

ਉਹਦੀ ਪੁੱਛ ਗਿਛ ਨੂੰ ਲੈ ਕੇ ਅਸੀ ਕਾਫੀ ਦਿੱਕਤ 'ਚ ਫਸ ਗਏ ਸਾਂ। ਸਭ ਤੋਂ ਵਧੇ ਦੀ ਗੱਲ ਤਾਂ ਇਹ ਕਿ ਸਾਨੂੰ ਹਮਲਾਵਰ ਤੋਂ ਰੱਖਿਆਤਮਕ ਰੁੱਖ ਅਪਣਾਉਣਾ ਪਿਆ ਸੀ। ਜਿਵੇਂ ਹੀ ਮੈਨੂੰ ਆਪਣੀ ਇਸ ਕਮਜ਼ੋਰੀ ਦਾ ਅਹਿਸਾਸ ਹੋਇਆ, ਮੈਂ ਬੌਖਲਾ ਉਠਿਆ। ਪਤਾ ਨਹੀਂ ਕਦੋਂ ਤੱਕ ਮੈਂ ਉਹਨੂੰ ਅੰਨੇਵਾਹ ਕੁੱਟਦਾ ਰਿਹਾ। ਇਹ ਤਾਂ ਛੋਟੇ ਬਾਬੂ ਸੀ, ਜਿਨ੍ਹਾਂ ਨੇ ਚਲਾਕੀ ਨਾਲ ਉਹਨੂੰ ਧੱਕੇ ਮਾਰ ਕੇ ਹਵਾਲਾਤ 'ਚ ਸੁੱਟ ਦਿੱਤਾ, ਨਹੀਂ ਤਾਂ ਅਨਰਥ ਹੋ ਜਾਂਦਾ।

ਕੁਝ ਰੁਕ ਕੇ ਉਨ੍ਹਾਂ ਫਿਰ ਕਹਿਣਾ ਸ਼ੁਰੂ ਕੀਤਾ ਤਾਂ ਆਵਾਜ਼ ਭਾਰੀ ਹੋ ਗਈ, "ਉਹਨੂੰ ਹਵਾਲਾਤ 'ਚ ਸੁੱਟ ਕੇ ਰਿਪੋਰਟ ਉਤੇ ਭੇਜ ਦਿੱਤੀ ਗਈ। ਥੋੜੇ ਦਿਨਾਂ ਪਿਛੋਂ ਉਤੋਂ ਹੁਕਮ ਆਇਆ ਕਿ ਉਹਨੂੰ ਘਰ ਲਿਜਾ ਕੇ ਨਿਹਾਇਤ ਹੀ ਹਲੀਮੀ ਨਾਲ ਪੁੱਛ ਗਿਛ ਕੀਤੀ ਜਾਵੇ ਤੇ ਭੇਦ ਕੱਢਿਆ ਜਾਵੇ।"

ਹਵਾਲਾਤ ਚੋਂ ਬਾਹਰ ਕੱਢ ਕੇ ਮੈਂ ਉਹਨੂੰ ਹੱਸਦਿਆਂ ਕਿਹਾ, "ਤੇ ਮੇਰੇ ਘਰ ਜਾਏਂਗਾ ਤੇ ਉਥੇ ਹੀ ਰਹੇਂਗਾ।"

"ਕਿਉਂ ?" ਉਹਨੇ ਸ਼ੱਕ ਦੀ ਨਿਗਾਹ ਨਾਲ ਮੇਰੇ ਵੱਲ ਵੇਖਿਆ।

"ਘਰ ਵਿਚ ਸਿਰਫ ਅਸੀਂ ਮੀਆਂ ਬੀਵੀ ਹੀ ਹਾਂ। ਪੁੱਤਰ ਕੋਈ ਨਹੀਂ, ਇਸ ਲਈ ਚਲੇਂਗਾ ਨਾ ?" ਉਹ ਮੈਨੂੰ ਉਸੇ ਅੰਦਾਜ਼ ਵਿਚ ਤੱਕਦਾ ਰਿਹਾ। ਫਿਰ ਪਤਾ ਨਹੀਂ ਕੀ ਸੋਚ ਕੇ ਤਿਆਰ ਹੋ ਗਿਆ, "ਚੱਲੋ।"

"ਪਰ ਭਜੇਂਗਾ ਤਾਂ ਨਹੀਂ ?"

ਥੋੜਾ ਜਿਹਾ ਹੱਸਿਆ, ਅਤੇ ਆਪਣਾ ਝੋਲਾ ਮੋਢੇ ਤੇ ਲਟਕਾਈ ਮੇਰੇ ਪਿਛੇ ਪਿਛੇ ਤੁਰ ਪਿਆ। ਰਾਹ 'ਚ ਪਰਖਨ ਦੇ ਲਈ ਉਹਨੂੰ ਇਕ ਵਾਰ ਫਿਰ ਜੀਪ 'ਚ ਇਕੱਲਿਆਂ ਛੱਡ ਕੇ ਉਤਰ ਪਿਆ। ਪਰ ਉਹ ਗੁੰਮ ਸੁੰਮ ਹੋ ਕੇ ਬੈਠਾ ਰਿਹਾ। ਘਰ ਪਹੁੰਚਕੇ ਮੇਰੀ ਪਤਨੀ ਨੂੰ ਉਹਨੇ ਝੁਕ ਕੇ ਨਮਸਕਾਰ ਕੀਤੀ। ਪਤਨੀ ਨੇ ਜਦੋਂ ਉਹਨੂੰ ਦੇਖਿਆ ਤਾਂ ਦੇਖਦੀ ਹੀ ਰਹਿ ਗਈ।

ਮੈਂ ਉਹਨੂੰ ਉਹਦੇ ਠਹਿਰਨ ਦੇ ਕਮਰੇ 'ਚ ਛੱਡ ਕੇ ਮੁੜਦਾ ਹਾਂ, ਤਾਂ ਪਤਨੀ ਬੱਚੇ ਦੀ ਫੋਟੋ ਸਾਹਮਣੇ ਖੜੀ ਖਲੋਤੀ ਰੋ ਰਹੀ ਹੈ। ਮੈਨੂੰ ਸਾਹਮਣੇ ਵੇਖ ਕੇ ਉਹਨੇ ਕਿਹਾ, "ਸੁਣੋ, ਕਿਤੇ ਇਹ ਸੌਰਭ ਤਾਂ ਨਹੀਂ...?"

ਕੁਦਰਤੀ ਸੀ ਮੈਨੂੰ ਅਜੇਹੀ ਭਾਵਕੁਤਾ ਨਹੀਂ ਜੱਚਦੀ। ਇਕ ਤਾਂ ਪੇਸ਼ਾ, ਦੂਸਰੀ ਸੁਭਾ ਕਰਕੇ ਆਦਤ।

ਮੈਂ 'ਹੋ-ਹੋ'' ਕਰਕੇ ਉਹਦੀ ਗੱਲ ਦਾ ਮਖੌਲ ਉੱਡਾ ਦਿੱਤਾ, ਪਰ ਅੰਦਰੋ ਅੰਦਰ ਮੈਂ ਉਹਦੀਆ ਭਿੱਜੀਆਂ ਪਲਕਾਂ ਤੋਂ ਅਛੂਤਾਂ ਨਹੀਂ ਰਹਿ ਸਕਿਆ। ਇਹਨੂੰ ਦੀਮਾਗ ਦਾ ਫਤੂਰ ਸਮਝਕੇ ਮੈਂ ਜਿੰਨੀ ਬਚਣ ਦੀ ਕੋਸ਼ਿਸ਼ ਕਰਦਾ ਉਨਾਂ ਹੀ ਫਸਦਾ ਚਲਾ ਜਾਂਦਾ। ਚੋਰੀ ਚੋਰੀ ਉਹਦੇ ਹਾਵ ਭਾਵ ਦਾ ਨਰੀਖਨ ਕਰਦਾ, ਪਤਨੀ ਵੀ ਅਜੇਹਾ ਹੀ ਕਰਦੀ ਅਤੇ ਕਦੀ ਕਦੀ ਨਜ਼ਰਾਂ ਟਕਰਾਉਣ ਤੇ ਅਸੀਂ ਸਿਰ ਝੁਕਾ ਲੈਂਦੇ।

ਇਉਂ ਉਹ ਘਰ ਵਿਚ ਘੁਲਦਾ ਮਿਲਦਾ ਗਿਆ। ਮੈਂ ਉਸਦੀ ਗੁਪਤ ਜਥੇਬੰਦੀ ਅਤੇ ਸਾਥੀਆਂ ਦਾ ਹਾਲ ਚਾਲ ਪੁੱਛਦਾ ਰਹਿ ਗਿਆ। ਪਰ ਉਹ ਹਰ ਵਾਰੀ ਟਾਲਦਾ ਹੀ ਰਿਹਾ। ਸਾਰਾ ਦਿਨ ਬਾਗਬਾਨੀ ਕਰਦਾ ਜਾਂ ਪੜ੍ਹਦਾ ਰਹਿੰਦਾ ਜਾਂ ਨਜ਼ਰੂਲ, ਸੁਕਾਂਤ ਆਦਿ ਦੀਆਂ ਕਵਿਤਾਵਾਂ ਦੇ ਟੋਟਕੇ ਗੁਣਗੁਣਾਉਂਦਾ ਰਹਿੰਦਾ।

ਮੈਂ ਮੰਤਰੀਆ ਨੂੰ ਵੀ ਵੇਖਿਆ ਹੈ, ਲੀਡਰਾਂ ਨੂੰ ਵੀ, ਅਫਸਰਾਂ ਨੂੰ ਵੀ, ਪਰ ਉਹਨੂੰ ਵੇਖਣ ਪਿਛੋਂ ਮੈਂ ਮਹਿਸੂਸ ਕੀਤਾ ਕਿ ਦੇਸ਼ ਪਿਆਰ, ਅਧਿਐਨ ਤਰਕ-ਸ਼ੀਲਤਾ 'ਚ ਉਹਦੇ ਕੋਈ ਪਾਸੁਕ ਵੀ ਨਹੀਂ। ਜਦੋਂ ਉਹ ਮਨੁੱਖੀ ਸਭਿਅਤਾ ਦੇ ਵਿਕਾਸ ਦਾ ਵਿਸ਼ਲੇਸ਼ਨ ਕਰਦਾ ਤਾਂ ਮੈਂ ਅੰਤਰ ਧਿਆਨ ਹੋ ਕੇ ਸੁਣਦਾ ਹੀ ਰਹਿ ਜਾਂਦਾਂ। ਅਚਾਨਕ ਜ਼ੁੰਮੇਂਵਾਰੀ ਦਾ ਖਿਆਲ ਆਉਂਦਾ ਤਾਂ ਸਫਾਈ ਨਾਲ ਚੁਸਤੀ ਤੇ ਉਤਰ ਆਉਂਦਾ, ''ਤੁਹਾਡੇ ਬਾਕੀ ਸਾਥੀ ਵੀ ਕੀ ਤੇਰੇ ਵਾਂਗੂੰ ਵਿਦਵਾਨ ਹਨ?'' ਉਹ ਖਿੜ ਖਿੜਾ ਕੇ ਹੱਸ ਪੈਂਦਾ। ''ਵਿਦਵਾਨ? ਵਿਦਵਾਨ? ਕਿਥੇ ਬਾਬਾ? ਅਸੀਂ ਸਾਰੇ ਵਿਦਿਆਰਥੀ ਹੀ ਹਾਂ।''

ਪਹਿਲੀ ਵਾਰ ਮੈਂ ਹੁਸ਼ਿਆਰੀ ਨਾਲ 'ਵਿਦਿਆਰਥੀ' ਸ਼ਬਦ ਡਾਇਰੀ ਤੇ ਨੋਟ ਵੀ ਕੀਤਾ। ਪਰ ਪਿਛੋਂ ਜਦੋਂ ਬੇਵਕੂਫੀ ਦਾ ਅਹਿਸਾਸ ਹੋਇਆ ਤਾਂ ਕੱਟ ਦਿੱਤਾ।

ਉਹਦੇ ਕਪੜੇ ਬਦਰੰਗ ਜਿਹੇ ਹੋ ਕੇ ਥਾਂ ਥਾਂ ਤੋਂ ਫੱਟ ਚੁੱਕੇ ਸਨ। ਮੈਂ ਉਹਦੇ ਲਈ ਨਵੇਂ ਕਪੜੇ ਮੰਗਵਾ ਕੇ ਦਿਤੇ। ਪਹਿਨਣ ਲਈ ਉਹ ਬਿਲਕੁੱਲ ਰਾਜ਼ੀ ਨਹੀਂ ਹੋਇਆ। ਪਤਨੀ ਰੋਣ ਹਾਕੀ ਜਿਹੀ ਹੋ ਕੇ ਉਠੀ ਸੀ। ਮੈਂ ਉਹਦੀ ਪੀੜ ਸਮਝ ਰਿਹਾ ਸੀ। ਦੂਜੇ ਕਮਰੇ 'ਚ ਜਾ ਕੇ ਉਹਨੂੰ ਤਸੱਲੀ ਦਿੱਤੀ, ''ਇਸ ਤੇ ਸਾਡਾ ਕੀ ਜ਼ੋਰ! ਅੱਜ ਆਪਣਾ ਬੱਚਾ ਹੁੰਦਾ ਤਾਂ...।''

ਹੈਰਾਨੀ ਸੀ, ਇਸ ਵਾਰ ਉਹਨੇ ਕਪੜੇ ਬਦਲ ਲਏ ਬਿਨਾਂ ਹੀਲ ਹੁੱਜ਼ਤ ਕੀਤਿਆਂ। ਉਹਨੀਂ ਦਿਨੀਂ ਮੈਂ ਬੜੀ ਕਸ਼ਮਕਸ਼ 'ਚ ਜੀ ਰਿਹਾ ਸੀ। ਕਦੇ ਕਦੇ ਲਗਦਾ ਸੀ ਕਿ ਉਹ ਮੈਨੂੰ ਬੁੱਧੂ ਬਣਾ ਰਿਹਾ ਹੈ। ਅਜੇਹੇ ਸਮੇਂ ਮੈਂ ਉਹਦੇ ਆਚਰਨ ਦੇ ਰੇਸ਼ੇ ਉਧੇੜ ਕੇ ਰੱਖ ਦਿੰਦਾ। ਆਪਣੀ ਸ਼ੱਕ ਦਾ ਕੋਈ ਵੀ ਆਧਾਰ ਨਾ ਵੇਖ ਕੇ ਮੈਨੂੰ ਔਖ ਹੁੰਦੀ। ਇਕ ਵਾਰੀ ਸੁੱਤਿਆਂ ਸੁੱਤਿਆਂ ਮੇਰੀ ਅੱਖ ਖੁੱਲ੍ਹ ਗਈ। ਖਿਆਲ ਆਇਆ ਕਿਤੇ ਚਿਨਮਯ ਭੱਜ ਹੀ ਨਾ ਗਿਆ ਹੋਵੇ। ਉੱਠਕੇ ਉਹਦੇ ਕਮਰੇ ਵਿਚ ਗਿਆ। ਲਾਈਟ ਜਗਾਈ ਤਾਂ ਉਹਨੂੰ ਨਾ ਵੇਖ ਕੇ ਕਲੇਜਾਂ ਧੜਕਨ ਲੱਗਾ। ਹੜਬੜਾਹਟ 'ਚ ਟਾਰਚ ਲਈ, ਰਿਵਾਲਵਰ ਸੰਭਾਲਿਆ ਅਤੇ ਸੰਦੂਖਾਂ, ਅਲਮਾਰੀਆਂ ਦੇ ਜਿੰਦਰਿਆਂ ਨੂੰ ਵੇਖਿਆ, ਸਾਰੇ ਸਹੀ ਸਲਾਮਤ ਸੀ। ਚਾਦਰ ਉਤੇ ਲਈ ਤੇ ਟਾਰਚ ਨਾਲ ਦੇ ਬਾਗ 'ਚੋਂ ਲੱਭਣ ਲੱਗਾ। ਉਥੇ ਹੀ ਥੜੇ ਤੇ ਗੋਡਿਆਂ 'ਚ ਸਿਰ ਫਸਾਈ ਸੁੱਤਾ ਮਿਲਿਆ ਉਹ। ਉਹਨੂੰ ਜਗਾ ਕੇ ਕਮਰੇ 'ਚ ਲੈ ਆਇਆ। ਪਿਛੋਂ ਵੀ ਕਈ ਵਾਰੀ ਰਾਤ ਦੇ ਸੰਨਾਟੇ 'ਚ ਉਹਨੂੰ ਮੈਂ ਬਾਗ 'ਚ ਬੈਠਾ ਦੇਖਿਆ। ਹੌਲੀ ਹੌਲੀ ਮੈਂ ਭੁੱਲ ਹੀ ਗਿਆ, ਕਿ ਚਿਨਮਯ ਮੇਰੇ ਘਰ ਦਾ ਥੋੜ ਚਿਰਾ ਮਹਿਮਾਨ ਹੈ।

ਬਾਗ 'ਚ ਲੰਮਾ ਸਮਾਂ ਤਰੇਲ 'ਚ ਬੈਠਣਾ ਆਖਿਰ 'ਚ ਰੰਗ ਲਿਆਇਆ। ਉਹ ਬੀਮਾਰ ਹੋ ਗਿਆ। ਬੁਖਾਰ ਨੇ ਖਿੱਚ ਲਿਆ। ਟਾਈਫਾਈਡ 'ਚ ਤਬਦੀਲ ਹੋ ਗਿਆ। ਅੰਦਰ ਬਾਹਰ ਜਿਸ ਅੰਦਰੂਨੀ ਦਵੰਧ ਵਿਚ ਉਹ ਚੁਪ ਗੜੱਪ ਦਿਨ ਗੁਜ਼ਾਰ ਰਿਹਾ ਸੀ, ਉਹ ਦੇ ਨਾਲ ਉਹਦੀ ਸਿਹਤ ਹੋਰ ਵੀ ਖਰਾਬ ਹੁੰਦੀ ਜਾ ਰਹੀ ਸੀ। ਹਾਲਤ ਨੇ ਸਾਨੂੰ ਦੋਹਾਂ ਨੂੰ ਅਜੀਬ ਜਿਹੀ ਨਾਟਕੀ ਸਥਿਤੀ ਵਿਚ ਸੁੱਟ ਦਿੱਤਾ ਸੀ, ਇਟ ਵਾਜ਼, ਸਿੰਮਪਲੀ ਏ ਮੈਂਨਟਲ ਟਾਰਚਰ ਇਹ ਸੀ, ਦਿਮਾਗੀ ਤਸ਼ੱਦਦ ਦੀ ਆਮ ਹਾਲਤ।

ਪਤਨੀ ਦੀ ਕਾਫੀ ਭੱਜ ਦੌੜ ਪਿਛੋਂ ਉਹ ਠੀਕ ਹੋ ਗਿਆ ਤਾਂ ਉਹਦੀ ਸਿਹਤ ਲਈ ਪਤਨੀ ਨੇ ਮੁਰਗਾ ਬਣਾਇਆ ਸੀ। ਉਸ ਦਿਨ ਮੈਂ ਥਾਣੇ ਤੋਂ ਛੇਤੀ ਹੀ ਵਾਪਸ ਆ ਗਿਆ ਸੀ। ਬੂਟ ਜੁਰਾਬਾਂ ਖੋਹਲ ਕੇ ਹੱਥ ਮੂੰਹ ਧੋ ਕੇ ਮੂੜੇ ਤੇ ਉਹਦੇ ਨਾਲ ਹੀ ਬਹਿ ਗਿਆ। ਅਜੇ ਅਸੀਂ ਗਰਾਹੀ ਮੂੰਹ 'ਚ ਪਾਉਣ ਹੀ ਲੱਗੇ ਸੀ, ਕਿ ਦਰਵਾਜ਼ਾ ਖੜਕਿਆ। ਪਤਨੀ ਰਸੋਈ ਚੋਂ ਉੱਠਕੇ ਦਰਵਾਜ਼ਾ ਖੋਲ੍ਹਣ ਗਈ ਤਾਂ ਹਥਿਆਰਬੰਦ ਗਾਰਡਾਂ ਨੂੰ ਵੇਖ ਕੇ ਹੈਰਾਨ ਰਹਿ ਗਈ। ਮੈਂ ਆਇਆ ਤਾਂ ਉਨ੍ਹਾਂ ਦੇ ਹੱਥ 'ਚ ਫੁਰਮਾਨ ਵੇਖ ਕੇ ਮੇਰੇ ਪੈਰਾਂ ਚੋਂ ਜ਼ਮੀਨ ਨਿਕਲ ਗਈ। ਉਹਦਾ ਸੁਨੇਹਾ ਆ ਗਿਆ ਸੀ। ਉਸੇ ਸਮੇਂ ਉਹਨੂੰ ਗਾਰਡਾਂ ਦੇ ਨਾਲ ਤੋਰ ਦੇਣਾ ਸੀ।

''ਕੀ ਗੱਲ ਏ?'' ਪਤਨੀ ਨੇ ਮੇਰੇ ਉਤਰੇ ਹੋਏ ਚਿਹਰੇ ਤੇ ਹੱਥ ਦੇ ਕਾਗਜ਼ ਨੂੰ ਵੇਖਿਆ, ਤੇ ਬਥਲਾ ਕੇ ਪੁੱਛਿਆ। ਉਦੋਂ ਤੱਕ ਚਿਨਮਯ ਖੁਦ ਹੀ ਆ ਗਿਆ ਸੀ ਮੇਰੇ ਕੋਲ, ''ਕੀ ਗੱਲ ਏ ਬਾਬਾ?''

ਮੇਰੀ ਜ਼ਬਾਨ ਪਥਰਾ ਗਈ। ਉਹਨੇ ਮੇਰੇ ਹੱਥੋਂ

ਕਾਗਜ਼ ਲੈ ਲਿਆ। ਪੜ੍ਹਦਿਆਂ ਹੀ ਚੇਹਰਾ ਉਤਰ ਗਿਆ। ਅੰਦਰ ਜਾ ਕੇ ਹੱਥ ਮੂੰਹ ਧੋ ਕੇ ਉਹਨੇ ਛੇਤੀ ਛੇਤੀ ਕਪੜੇ ਬਦਲੇ। ਹੁਣ ਉਹ ਆਪਣੀ ਫੱਟੀ ਪੁਰਾਣੀ ਬਦਰੰਗ ਪੈਂਟ ਕਮੀਜ਼ 'ਚ ਸੀ ਜਿਵੇਂ ਉਹਨੂੰ ਕਿਸੇ ਜੇਲ ਘਰ 'ਚੋਂ ਛੁਟਕਾਰਾ ਮਿਲ ਰਿਹਾ ਹੋਵੇ। ਆਪਣੇ ਹੀ ਭਾਰ ਨਾਲ ਮੈਂ ਡਿੱਗਦਾ ਜਾ ਰਿਹਾ ਸਾਂ। ਮੇਰੇ ਅੰਦਰ ਇਕ ਜ਼ਬਰ-ਦਸਤ ਖਾਹਿਸ਼ ਉੱਠ ਰਹੀ ਸੀ, ਫਿਰ ਉਹੀ ਪੁਰਾਣਾ ਚਿਨਮਯ ਵਾਪਸ ਆ ਜਾਵੇ। ਆਪਣੀਆਂ ਦਲੀਲਾਂ ਨਾਲ ਸਾਡੀ ਅਹਿੰਸਾ, ਦੇਸ਼ ਪ੍ਰੇਮ ਨੈਤਿਕਤਾ ਇਨਸਾਨੀਅਤ ਦੀਆਂ ਸਾਰੀਆਂ ਤੰਦਾਂ ਦੀਆਂ ਧੱਜੀਆਂ ਉਡਾ ਦੇਵੇ। ਪਰ ਕਿੱਥੇ ? ਮੈਨੂੰ ਪੱਕਾ ਯਕੀਨ ਸੀ ਕਿ ਉਹ ਅਜੇ ਵੀ ਭੱਜ ਸਕਦਾ ਤਾਂ ਅਸੀਂ ਫੜ ਨਹੀਂ ਸਾਂ ਸਕਦੇ। ਪਰ ਨਹੀਂ। ਉਹਨੇ ਪਹਿਲਾਂ ਵਾਂਗ ਹੀ ਮੈਨੂੰ ਤੇ ਮੇਰੀ ਪਤਨੀ ਨੂੰ ਝੁਕ ਕੇ ਨਮਸਕਾਰ ਕੀਤੀ। ਅਤੇ ਮੈਨੂੰ ਮੁਆਫ ਕਰਿਉ ਜੇ ਮੈਥੋਂ ਕੋਈ ਗ਼ਲਤੀ ਹੋ ਗਈ ਹੋਵੇ। ਕਹਿ ਕੇ ਖੁਦ ਹੀ ਹਥਿਆਰਬੰਦ ਗਾਰਡ ਪਾਸ ਜਾ ਪੁੱਜਾ, "ਚਲੋ ਮੈਂ ਤਿਆਰ ਹਾਂ।"

ਮੈਂ ਚਾਹੁੰਦਾ ਹੋਇਆ ਵੀ ਇਹ ਨਾ ਪੁੱਛ ਸਕਿਆ ਕਿ ਉਹਦਾ ਅਸਲੀ ਨਾਂ ਕੀ ਹੈ। ਜਿਵੇਂ ਹੀ ਉਹਨੇ ਸਰਕਲ ਤੋਂ ਬਾਹਰ ਪੈਰ ਧਰਿਆ ਮੇਰੀ ਪਤਨੀ ਪਾਗਲ ਹੋ ਗਈ, "ਵਿਸ਼ਵਾਸਘਾਤੀ, ! ਹਤਿਆਰੇ। ਕਿਉਂ ਕਰਨਾਂ ਏ ਅਜੇਹੀ ਨੌਕਰੀ ? ਕਿਉਂ ? ਕੱਟੜ ਨਫਰਤ ਨਾਲ ਮਰਨ ਵਾਲਾ ਜੀਵ ਨਹੀਂ ਸੀ ਉਹ, ਉਹਨੂੰ ਤਾਂ ਤੁਹਾਡੇ ਪਿਆਰ ਦੇ ਨਾਟਕ ਨੇ ਮਾਰਿਆਂ। ਤੂੰ ਫਿਰ ਇਕ ਪੁੱਤਰ ਗਵਾ ਲਿਆ। ਵੈਰੀਆ ਕਿਉਂ ਕਰਦਾ ਏਂ ਨੌਕਰੀ ? ਕਿਉਂ ...ਕਿਉਂ ? ਉਹ ਮੇਰੀ ਵਰਦੀ ਫੜ ਕੇ ਝੰਜੋੜਦੀ ਰਹੀ ਤੇ ਫਿਰ ਸਹਿਜੇ ਸਹਿਜੇ ਬੇਹੋਸ਼ ਹੋ ਕੇ ਡਿੱਗ ਪਈ।

ਪੈਰਾਂ ਤੇ ਡਿੱਗੀ ਪਈ ਸੀ ਮੇਰੀ ਪਤਨੀ, ਓਧਰ ਡਰਾਉਣੀ ਹਨੇਰੀ ਚੁੱਪ ਅਤੇ ਸਾਹਮਣੇ ਪਿਆ ਸੀ ਪਰੋਸਿਆ ਮੁਰਗਾ।

"ਬੱਸ ਉਦੋਂ ਪਿਛੋਂ ਮੁਰਗਾ ਮੈਂ ਨਹੀਂ ਖਾ ਸਕਿਆ" ਕਹਿਕੇ ਉਹ ਇਕ ਵਾਰੀ ਫਿਰ ਖਾਮੋਸ਼ ਹੋ ਗਏ। ਸਾਨੂੰ ਇਕਦਮ ਆਪਣੀ ਹਾਲਤ ਦਾ ਅਹਿਸਾਸ ਹੋਇਆ ਤਾਂ ਘਬਰਾ ਗਏ। ਇਕ ਵਜੇ ਕੂਚ ਕਰ ਦੇਣਾ ਸੀ। ਅਤੇ ਬਾਰਾਂ ਵੱਜ ਕੇ ਚਾਲੀ ਮਿੰਟ ਹੋ ਚੁੱਕੇ ਸੀ। ਪਰ ਇਸ ਤੋਂ ਪਹਿਲਾਂ ਕਿ ਉਹਨਾਂ ਨੂੰ ਟੋਕਦਾ, ਉਹ ਫਿਰ ਉਸੇ ਜਜ਼ਬਾਤੀ ਰੌਅ 'ਚ ਹੜਬੜਾ ਉੱਠੇ ਸੀ, "ਮੁੰਡੇ ਦਲੇਰ ਸੀ, ਬਹਾਦਰ ਸੀ। ਆਪਣੀ ਮੰਜ਼ਿਲ ਵੱਲ ਤੁਰ ਪਏ। ਮੈਂ ਸਿਰਫ਼ ਉਹਨਾਂ ਦੀਆਂ ਯਾਦਾਂ ਨੂੰ ਭੁਲਾਉਣ ਲਈ ਤਬਾਦਲੇ-ਦਰ-ਤਬਾਦਲੇ ਲੈਂਦਾ ਰਿਹਾ। 'ਮੁਜਰਮਾਂ' ਨੂੰ ਫੜ ਫੜ ਕੇ ਕੁੱਟਦਾ ਰਿਹਾ, ਪਰ ਇਹ ਸਭ ਧੋਖਾ ਹੈ। ਅਸਲੀ ਅਪਰਾਧੀਆਂ ਤੱਕ ਇਹ ਮੇਰੇ ਬੌਣੇ ਤੇ ਬੁੱਢੇ ਹੱਥ ਕਦੇ ਨਹੀਂ ਪਹੁੰਚ ਸਕੇ ? ਆਪਣੇ ਹੀ ਬਹਾਦਰ ਪੁੱਤਰਾਂ ਦੀ ਰਾਖੀ ਕਰਨ ਤੋਂ ਮੈਂ ਹਮੇਸ਼ਾਂ ਅਸਮਰਥ ਰਿਹਾ। ਤਾਂ ਫਿਰ ਮੈਂ ਕਿਹਨਾਂ ਦੀ ਰਾਖੀ ਕਰਨ ਦੇ ਦਮਗਜੇ ਮਾਰਦਾ ਫਿਰ ਰਿਹਾ ਹਾਂ, ਐਧਰੋਂ ਉਧਰ ? ਦੇਸ਼ ਦੇ ਸੱਚੇ ਪਹਿਰੇ-ਦਾਰ ਤਾਂ ਉਹੀ ਸਨ। ਫਿਰ ਮੇਰਾ ਰਾਹ ਉਹਨਾਂ ਲਈ ਰੁਕਾਵਟ ਕਿਉਂ ਬਣਦਾ ਹੈ।

ਬਾਹਰ ਇਕ ਇਕ ਕਰਕੇ ਨੀਮ ਫੌਜੀ ਦਸਤੇ ਮਾਰਚ ਕਰਕੇ ਗੈਸਟ ਹਾਊਸ ਦੇ ਕੋਲ ਲਿਆਂਦੇ ਜਾ ਰਹੇ ਸੀ। ਮੈਂ ਘਬਰਾ ਉੱਠਦਾ ਹਾਂ। ਘੜੀ ਵੱਲ ਇਕ ਵਾਰ ਦੇਖਦਾ ਹਾਂ ਤੇ ਫਿਰ ਟੋਕ ਦਿੰਦਾ ਹਾਂ, "ਅਮਿਨੇਸ਼ ਦਾ, ਹੁਣ ਤਾਂ ਖਾਣ ਦਾ ਵੀ ਸਮਾਂ ਨਹੀਂ ਹੈ। ਪਲੀਜ਼ ਬੀ ਰੈਡੀ। ਸਟਰੈਟਜੀ ਯਾਦ ਹੈ ਨਾ, ਪਹਾੜੀ ਦੇ ਕੋਲ ਨਾਲੇ 'ਚ ਦਸ ਦੀ ਟੁਕੜੀ ਉਧਰ ਦੀਆਂ ਝਾੜੀਆਂ 'ਚ ਪੰਦਰਾਂ, ਤੀਹ ਆਦਮੀ ਪੱਛਮ ਦੇ ਤਾਲਾਬ," "ਤੁਸੀਂ ਖੁਦ ਇਸ ਥਾਂ ਤੋਂ ਅਟੈਕ ਕਰੋਗੇ, ਸੈਕਿੰਡ ਲਾਈਨ ਆਫ ਡਿਫੈਂਸ ਵੀ..."

(ਬਚਾਅ ਦੀ ਦੂਜੀ ਲਾਈਨ ਵੀ...)

"ਕੀ ਉਹ ਜੰਗਲੀ ਸੂਰ ਹਨ ?"

"ਹੈਂ!" ਮੈਂ ਘਬਰਾ ਜਾਂਦਾ ਹਾਂ।

"ਆਦਮਖੋਰ ਬਘਿਆੜ ਹਨ"

"ਮਤਲਬ।"

"ਆਖਿਰ ਇਹ ਹਾਂਕਾਂ ਕਾਹਦੇ ਲਈ।"

"ਤੁਹਾਡਾ ਦਿਮਾਗ ਤਾਂ ਠਿਕਾਨੇ ਹੈ...?" ਗੈਰ ਸਮਾਜੀ ਤੱਤਾਂ ਦੇ ਸਫਾਏ ਲਈ, ਹੋਰ ਕਿਹਦੇ ਲਈ। ਇਸ ਇਲਾਕੇ 'ਚ ਤੁਸੀਂ ਆਪਣਾ ਨਾਂ ਕਾਫੀ ਕਮਾਇਆ ਹੈ। ਹੈਰਾਨ ਹਾਂ, ਅੱਜ ਤੁਸੀਂ ਆਪਣੀ ਜ਼ਿੰਮੇਵਾਰੀ ਨਿਭਾਉਣ ਤੋਂ ਸੰਕੋਚ ਕਰ ਰਹੇ ਹੋ ?"

ਅਮਿਨੇਸ਼ ਦਾਦਾ ਮੇਰੀਆਂ ਗੱਲਾਂ ਸੁਣਦਿਆਂ ਹੀ ਤਣ ਕੇ ਕੁਰਸੀ 'ਤੇ ਬੈਠ ਜਾਂਦੇ ਹਨ। ਉਨ੍ਹਾਂ ਦੀਆਂ ਭੱਖਦੀਆਂ ਅੱਖਾਂ ਦਾ ਤਾਅ ਚੇਹਰੇ ਤੇ ਮਹਿਸੂਸ ਕਰ ਰਿਹਾ ਹਾਂ। ਧੌਣ ਟੇਢੀ ਕਰਕੇ ਪੁੱਛ ਬੈਠਦੇ ਨੇ, "ਤਾਂ ਸੋਚ ਲਉ ਮੈਂ ਹੋਰ ਕੁਝ ਨਹੀਂ ਜਾਣਦਾ। ਮੈਨੂੰ ਖੁਲ੍ਹ ਹੈ ਨਾ ਗੈਰ ਸਮਾਜੀ ਅਨਸਰਾਂ ਦਾ ਸਫਾਇਆ ਕਰਨ ਦੀ ?"

"ਜੀ ਬਿਲਕੁਲ ?" ਉਹਨਾਂ ਦਾ ਸੈਂਟੀਮੈਂਟ੍ਹ ਉਭਰ-ਦਾ ਵੇਖ ਕੇ ਹੋਰ ਉਭਾਰਨ ਦੀ ਕਾਇਰਤਾ ਤੇ ਮੈਨੂੰ ਉਤਰਨਾ ਪੈਂਦਾ ਹੈ।

"ਠੀਕ ਹੈ ਮੈਂ ਤਿਆਰ ਹਾਂ।" ਦੇਖਦਿਆਂ ਹੀ ਦੇਖਦਿਆ ਬੜੀ ਫੁਰਤੀ ਨਾਲ ਤੇ ਮਜ਼ਬੂਤ ਕਦਮਾਂ ਨਾਲ ਜਵਾਨਾਂ ਨੂੰ ਤਿਆਰ ਕਰਨ ਚਲ ਪੈਂਦੇ ਹਨ। ਦਸ

ਕਦਮ ਵੀ ਨਹੀਂ ਗਏ ਕਿ ਮੇਰੇ ਸੰਘ ਤੋਂ ਭਿਆਨਕ ਚੀਕ ਨਿਕਲਦੀ ਹੈ, "ਨਹੀਂ !"

ਪਿਛੇ ਮੁੜਕੇ ਖੜੇ ਹੋ ਜਾਂਦੇ ਹਨ। ਆਪਣੇ ਆਪ ਨੂੰ ਮੈਂ ਅਜੇਹੀ ਹਾਲਤ 'ਚ ਬੇਨਕਾਬ ਤੇ ਸ਼ਰਮਿੰਦਾ ਕਦੇ ਨਹੀਂ ਮਹਿਸੂਸ ਕੀਤਾ।

"ਗੈਰ ਸਮਾਜੀ ਅਨਸਰ ਕੌਣ ਸਨ ?.... ਇਹ ਰਿਹਾ ਸਰਕਾਰੀ ਫੁਰਮਾਨ ਅਤੇ ਇਹ ਰਿਹਾ ਮਾਸ ਪਟੀਸ਼ਨ ਜੋਨਾਕੀ ਪਿੰਡ ਦੇ ਇਜ਼ਤਦਾਰ ਤੇ ਅਮਨ ਪਸੰਦ ਸ਼ਹਿਰੀਆਂ ਦਾ।" ਜੇਬ ਚੋਂ ਕਾਗਜ਼ ਕੱਢ ਕੇ ਹੱਥਾਂ 'ਚ ਕਾਗਜ਼ ਨੂੰ ਪੁੱਠਾ ਸਿੱਧਾ ਕਰਦੇ ਭਰੜਾਈ ਤੇ ਨਫ਼ਰਤੀ ਜਿਹੀ ਆਵਾਜ਼ 'ਚ ਕਹਿ ਰਹੇ ਨੇ, "ਇਹ ਜੰਗਲਾਤ ਮਹਿਕਮੇਂ ਦੇ ਕੁੱਝ ਭ੍ਰਿਸ਼ਟ ਮੁਲਾਜ਼ਮ ਅਤੇ ਕੁਝ ਅਜੇਹੇ ਹੀ ਭ੍ਰਿਸ਼ਟ ਮਹਾਜਨ, ਅਫਸਰ, ਜ਼ੀਮੀਂਦਾਰ ਅਤੇ ਇਨ੍ਹਾਂ ਦੇ ਲੱਠ ਮਾਰ..ਇਹੀ ਨੇ ਨਾਂ ਤੁਹਾਡੇ ਅਮਨ ਪਸੰਦ ਇਜ਼ਤਦਾਰ ਸ਼ਹਿਰੀ...? 'ਆਖ਼ਰ ਇਨ੍ਹਾਂ 'ਚ ਨਫ਼ਰਤ ਕਿਉਂ ਹੈ ਉਨ੍ਹਾਂ ਭੂਮੀਹੀਣ ਚਾਸਾ ਤੇ ਆਦਿਵਾਸੀਆਂ ਪ੍ਰਤੀ, ਇਨ੍ਹਾਂ ਨੂੰ ਡਰ ਕਾਹਦਾ ਹੈ। ਪਿੰਡ ਦੀਆਂ ਦਸ ਲਾਸੰਸੀ ਬੰਦੂਕਾਂ ਅਤੇ ਵੀਹ ਨਜ਼ਾਇਜ਼ ਬੰਦੂਕਾਂ ਵੀ ਤਾਂ ਇਨ੍ਹਾਂ ਕੋਲ ਹੀ ਨੇ। ਪਿੰਡ ਦੀ ਅੱਸੀ ਫੀਸਦੀ ਜ਼ਮੀਨ, ਤਲਾਬ, ਬਾਗ ਬਗੀਚੇ ਵੀ ਇਨ੍ਹਾਂ ਕੋਲ ਹੀ ਹਨ। ਪਿੰਡ 'ਚ ਜਦੋਂ ਵੀ ਕੋਈ ਕੁੱਟਿਆ ਮਾਰਿਆ ਗਿਆ ਤਾਂ ਉਹ ਦੂਜੇ ਭੂਮੀਹੀਣ ਤਬਕੇ ਚੋਂ ਹੀ ਹੁੰਦਾ ਹੈ। ਬਲਾਤਕਾਰ ਵੀ ਹੋਏ ਤਾਂ ਉਨ੍ਹਾਂ ਤਬਕਿਆਂ ਨਾਲ। ਸਤਿਯੇਨ ਦਾ ਕਸੂਰ ਸਿਰਫ ਇਹੀ ਹੈ ਕਿ ਇਹ ਗੂੰਗੇ ਹੁਣ ਬੋਲਣ ਵੀ ਲਗੇ ਨੇ। ਸਰਕਾਰ ਕੀ ਨਹੀਂ ਚਾਹੁੰਦੀ ਕਿ ਉਹ ਬੋਲਣ ? ਜੇ ਅੱਜ ਉਹ ਆਪਣੇ ਹੱਕਾਂ, ਜ਼ਮੀਨ ਜੰਗਲ, ਮਜ਼ਦੂਰੀ ਅਤੇ ਇਜ਼ਤ ਦੇ ਲਈ ਤਣ ਕੇ ਖੜੇ ਹੋਣ ਲੱਗ ਪਏ ਹਨ ਤਾਂ ਸਰਕਾਰ ਕੀ ਨਹੀਂ ਚਾਹੁੰਦੀ ਕਿ ਉਹ ਤਣ ਕੇ ਖੜੇ ਹੋਣ ? ਕਈ ਥਾਵਾਂ ਤੇ ਤਾਂ ਸਰਕਾਰ ਨੇ ਹਥਿਆਰ ਵੀ ਵੰਡੇ ਨੇ ਧੰਮੇੜਾਂ ਤੋਂ ਆਤਮ ਸੁਰੱਖਿਆ ਕਰਨ ਲਈ। ਜੇ ਇਹ ਸੱਚ ਹੈ ਤਾਂ ਫਿਰ ਸਤਿਯੇਨ ਨਾਲ ਸਾਡਾ ਮੁਕਾਬਲਾ ਕਿਉਂ ?"

"ਇਨਸਪੈਕਟਰ ਅਮਿਨੇਸ਼, ਮਾਈਂਡ ਇਟ, ਯੂ. ਆਰ. ਔਨ ਡਿਊਟੀ ?" -

"ਯੈਸ ਸਰ !" ("ਹਾਂ ਜਨਾਬ") ਪਤਾ ਹੈ ਕਿ ਇਕ ਪੁਲੀਸ ਅਫਸਰ ਹਾਂ ਅਤੇ ਡਿਊਟੀ ਤੇ ਹਾਂ ਅਤੇ ਅਰਜੁਨ ਦਾ ਵੈਰਾਗ ਇਸ ਕੁਰੂਕਸ਼ੇਤਰ 'ਚ ਨਾ ਮੁਆਫੀ ਯੋਗ ਹੈ। ਨਾ ਮੈਂ ਜ਼ਾਬਤਾ ਤੋੜਨ ਵਿਚ ਯਕੀਨ ਰੱਖਦਾ ਹਾਂ। ਨਾ ਡਿਊਟੀ ਨਿਭਾਉਣ 'ਚ। ਮੇਰਾ ਰਿਕਾਰਡ ਵੇਖਿਆ ਜਾ ਸਕਦਾ ਹੈ। ਦੇਸ਼ ਲਈ ਸਿਰ ਵੀ ਕਟਾਉਣਾ ਪਵੇ ਤਾਂ ਮੈਂ ਤਿਆਰ ਹਾਂ। ਪਰ ਅਸੀਂ ਵੀ ਹੱਡ ਮਾਸ ਦੇ ਪੁਤਲੇ ਹਾਂ, ਦਿਮਾਗ ਹੈ। ਸੀਨੇ 'ਚ ਧੜਕਦਾ ਦਿਲ ਹੈ। ਸਾਨੂੰ ਬਲਾਈਂਡ ਫੋਰਸ ਵਾਂਗੂ ਨਾ ਵਰਤਿਆ ਜਾਵੇ। ਆਖਰ ਪੁਲੀਸ ਅਫਸਰ ਵੀ ਤਾਂ ਦੇਸ਼ ਦਾ ਇਕ ਸ਼ਹਿਰੀ ਹੁੰਦਾ ਹੈ। ਅਤੇ ਸ਼ਹਿਰੀ ਹੋਣ ਦੇ ਨਾਤੇ ਇਹ ਸਵਾਲ ਕਰਨ ਦਾ ਹੱਕ ਤਾਂ ਮੈਨੂੰ ਵੀ ਹੈ ਕਿ ਇਹ ਫੁਰਤੀ ਉਸ ਵੇਲੇ ਕਿਉਂ ਨਾਂ ਵਿਖਾਈ ਗਈ, ਜਦੋਂ ਸਰਕਾਰ ਵਲੋਂ ਤਹਿ ਕੀਤੀ ਮਜ਼ਦੂਰੀ ਮੰਗਣ ਤੇ ਇਨ੍ਹਾਂ ਨੂੰ ਕੁੱਟਿਆ ਜਾ ਰਿਹਾ ਸੀ, ਜਦੋਂ ਠੇਕੇਦਾਰਾਂ ਵਲੋਂ ਖਰੀਦੇ ਹੋਏ ਜੰਗਲਾਂ ਵਿਚੋਂ ਨਵੇਂ ਨਵੇਂ ਕਾਨੂੰਨਾਂ ਦੀ ਦੀ ਆੜ ਲੈ ਕੇ ਇਨ੍ਹਾਂ ਦੇ ਰਵਾਇਤੀ ਜੀਉਣ ਦੇ ਹੱਕ ਨੂੰ ਖੋਹਿਆ ਜਾ ਰਿਹਾ ਸੀ। ਇਨ੍ਹਾਂ ਨੂੰ ਜੰਗਲਾਂ ਤੋਂ ਲਾਂਭੇ ਕੀਤਾ ਜਾ ਰਿਹਾ ਸੀ। ਜਦੋਂ ਇਨ੍ਹਾਂ ਦੀਆਂ ਅਰਜ਼ੀਆਂ ਤੇ ਅਧਿਕਾਰੀ ਅੱਖਾਂ ਬੰਦ ਕਰਕੇ ਬੈਠੇ ਸੀ। ਇਨ੍ਹਾਂ ਦੀਆਂ ਲਿਲਕੜੀਆਂ ਨੂੰ ਸੁਣਨ ਦੀ ਬਜਾਏ ਕੰਨਾਂ 'ਚ ਤੇਲ ਪਾ ਕੇ ਬੈਠੇ ਸੀ।"

"ਆਈ ਕਾਂਟ ਟਾਲਰੇਟ ਯੂ, ਐਨੀ ਮੋਰ। (ਮੈਂ ਤੁਹਾਨੂੰ ਹੋਰ ਜ਼ਿਆਦਾ ਬਰਦਾਸ਼ਤ ਨਹੀਂ ਕਰ ਸਕਦਾ) ਮੈਨੂੰ ਦੋ ਟੁੱਕ "ਹਾਂ" ਜਾਂ "ਨਾਂਹ" ਵਿਚ ਜੁਆਬ ਦਿਉ ਕਿ ਤੁਸੀਂ ਹੁਕਮ ਦੀ ਤਾਮੀਲ ਕਰਦੇ ਹੋ ਜਾਂ ਨਹੀਂ ?" ਮੈਂ ਭੜਕ ਉੱਠਦਾ ਹਾਂ।

"ਪਹਿਲਾਂ ਤੁਸੀਂ ਦਸੋ ਕਿ ਤੁਸੀਂ ਮੇਰੀ ਜਾਣਕਾਰੀ 'ਤੇ ਆਧਾਰਤ ਮੁੜ ਵਿਚਾਰ ਕਰਦੇ ਹੋ ਜਾਂ ਨਹੀਂ "ਸਿਰਫ ਹਾਂ ਜਾਂ ਨਾਂਹ 'ਚ ਜਵਾਬ ਦਿਉ, ਕਿਹਾ ਨਾ ?"

"ਅਜੇਹੀ ਹਾਲਤ ਵਿਚ ਸੰਖੇਪ ਜਿਹਾ ਮੇਰਾ ਜੁਆਬ ਹੈ...'ਨਾਂ' !' ਘੜੀ ਤੇ ਵੱਜੀ ਇਕ ਦੀ ਟਰਨ ਨਾਲ ਹੀ ਮੇਰੇ ਸਿਰ ਤੇ ਹਥੌੜੇ ਵਾਂਗ ਇਹ ਲਫ਼ਜ ਵਜਦੇ ਨੇ। ਉਹਨਾਂ ਦੀ ਨਾਂਹ, ਹਾਲ 'ਚ ਸੁੰਨਸਾਨ ਚੁੱਪ। ਘੜੀ ਦੀ ਸੂਈ ਟਿਕ ਟਿਕ ਕਰਕੇ ਅੱਗੇ ਤੁਰ ਗਈ ਹੈ।

"ਮੈਨੂੰ ਅਫ਼ਸੋਸ ਹੈ ਅਮਿਨੇਸ਼ ਦਾਦਾ, ਇਕ ਸੱਚੇ ਤੇ ਇਮਾਨਦਾਰ ਅਫ਼ਸਰ ਨੂੰ ਹੁਣ ਮੈਂ ਨਹੀਂ ਬਚਾ ਸਕਾਂਗਾ।" ਮੈਂ ਲੰਮਾ ਸਾਹ ਖਿੱਚ ਕੇ ਹੱਥ ਪੈਰ ਢਿੱਲੇ ਛੱਡ ਦਿੰਦਾ ਹਾਂ।

ਖਟ ਖਟ ਕਰਦੀ ਬੂਟਾਂ ਦੀ ਧਮਕ, ਪਿਛੇ ਬੱਧੇ ਹੱਥ ਅਚਾਨਕ ਪਲਟਦੇ ਹਨ, "ਸੱਚਾਈ, ਇਮਾਨਦਾਰੀ, ਅਤੇ ਨਿਡਰਤਾ ਦੀ ਰਾਹ ਤੇ ਚਲਣਾ ਤੁਸੀ ਸਿਖਾਉਂਦੇ ਹੋ, ਕਾਨੂੰਨ ਅਤੇ ਸਦਾਚਾਰ ਦੀਆਂ ਗੱਲਾਂ ਤੁਸੀ ਸਿਖਾਉਂਦੇ ਹੋ, ਸਾਡੀ ਨਸਲ ਨੂੰ, ਕੀ ਅਸੀਂ ਪੁੱਛ ਵੀ ਨਹੀਂ ਸਕਦੇ ਕਿ ਉਹੀ ਕਾਨੂੰਨਾਂ ਤੇ ਸਦਾਚਾਰ ਦੀ ਆੜ ਹੇਠ ਸੱਚਾਈ, ਇਮਾਨਦਾਰੀ ਤੇ ਨਿਡਰਤਾ ਦੀ ਰਾਹ ਤੇ ਚਲਣ ਵਾਲੀਆਂ ਸਾਡੀਆਂ ਨਸਲਾਂ ਦਾ ਖੂਨ ਸਾਡੇ ਹੱਥੋਂ ਹੀ ਕਿਉਂ

ਕਰਾਇਆ ਜਾਂਦਾ ਹੈ ?"

ਖਾਮੋਸ਼ੀ ਇੰਜ ਛਾ ਗਈ, ਜਿਵੇਂ ਅਸੀਂ ਇਨਸਾਨ ਨਹੀਂ, ਪੁਤਲੇ ਹੋਈਏ। ਨਿਰਜੀਵ ਜਹੇ, ਸਮੇਂ ਦੀ ਹਰ ਧੜਕਣ ਹਨੇਰੇ ਦੀ ਬੁੱਕਲ ਵਿਚ ਸਿਮਟਦੀ ਹੋਈ ਬੀਆ-ਬਾਨਾਂ 'ਚ ਗਵਾਚਦੀ ਜਾ ਰਹੀ ਹੈ। ਜੁਆਨਾਂ ਦੇ ਸਿਰ ਹੇਠਾਂ ਨੂੰ ਹੋ ਗਏ ਹਨ, ਬੰਦੂਕਾਂ ਉਲਟ ਗਈਆਂ ਹਨ। ਵਾਇਰ-ਲੈਸ ਤੇ ਸੂਚਨਾ ਭੇਜਦਿਆ ਭੇਜਦਿਆਂ ਹੀ ਰੁੱਕ ਜਾਂਦਾ ਹਾਂ। ਅਖੀਰਲੀ ਵਾਰ ਮਨੁੱਖੀ ਹਮਦਰਦੀ ਹੇਠ ਪੁੱਛਦਾ ਹਾਂ, ਅਮਿਨੇਸ਼ ਦਾਦਾ ਤੋਂ, "ਕੀ ਤੁਸੀਂ ਮੁੜ ਕੁਝ ਸੋਚਿਆ ? ਮੇਰਾ ਖਿਆਲ ਹੈ ਤੁਸੀਂ ਕੁਝ ਵੱਧ ਹੀ ਭਾਵੁਕ ਹੋ ਗਏ ਹੋ ?"

ਅਮਿਨੇਸ਼ ਦਾਦਾ ਸਿਰ ਉਤੇ ਚੁੱਕਦੇ ਹਨ, ਅੱਖਾਂ ਸੁਰਖ ਹਨ ਅਤੇ ਛਲਕ ਪੈਣ ਲਈ ਬੇਤਾਬ, ਬੋਲਦੇ ਨੇ ਪਰ ਰੁਕ-ਰੁਕ ਕੇ, "ਭਾਵੁਕ ਹੀ ਹੁੰਦਾ ਤਾਂ ਪਤਨੀ ਵਾਂਗੂੰ ਪਾਗਲ ਹੋ ਕੇ ਨਾ ਮਰ ਜਾਂਦਾ ਹੁਣ ਤੱਕ ?" "ਪੁੱਤਰ ਮਰ ਮਰ ਕੇ ਵੀ ਜੀਊਂਦਾ ਹੈ ਅਤੇ ਮੈਂ ਬੇਹਯਾ ਜਿਹਾ ਲਾਸ਼ ਖਿੱਚੀ ਫਿਰਦਾ ਹਾਂ। ਤੁਹਾਨੂੰ ਸ਼ਾਇਦ ਪਤਾ ਨਹੀਂ ਹੈ...ਮੇਰਾ ਪੁੱਤ ਸੌਰਭ ਜੇ ਜੀਊਂਦਾ ਹੁੰਦਾ ਤਾਂ ਗਿਆਰਾਂ ਸਾਲ ਪਹਿਲਾਂ ਚਿਨਮਯ ਵਰਗਾ ਹੁੰਦਾ, ਅੱਜ ਉਹ ਸਤਯੇਨ ਵਰਗਾ। oo

## ਪਾਠਕ ਲੇਖਕ ਫੋਰਮ

# ਪੰਜਾਬ ਮਸਲੇ ਵਿਚ ਕਮਿਊਨਿਸਟਾਂ ਨੇ ਲੈਨਨਵਾਦ ਪਾੜ ਸੁੱਟਿਆ।

ਅਕਤੂਬਰ 1917 ਦੇ ਰੂਸ ਦੇ ਇਨਕਲਾਬ ਤੋਂ ਪਹਿਲਾਂ ਰੂਸ ਦੇ ਕਮਿਊਨਿਸਟਾਂ ਵਿਚ ਇਹ ਸਵਾਲ ਬੜੀ ਸ਼ਿੱਦਤ ਨਾਲ ਉਠਿਆ ਕਿ ਰੂਸ ਜੋ ਕਿ ਇਕ ਬਹੁ ਕੌਮੀ ਦੇਸ਼ ਹੈ, ਜਿਸ ਵਿਚ ਵੱਡੀ ਬਹੁਗਿਣਤੀ ਰੂਸ ਕੌਮ ਦੇ ਨਾਲ ਨਾਲ ਬਹੁਤ ਸਾਰੀਆਂ ਘੱਟ ਗਿਣਤੀ ਕੌਮਾਂ ਵਸ-ਦੀਆਂ ਹਨ ਅਤੇ ਜਿਨ੍ਹਾਂ ਉਤੇ ਬਹੁਗਿਣਤੀ ਰੂਸੀ ਕੌਮ ਦਾ ਗ਼ਲਬਾ ਹੈ, ਉਹਨਾਂ ਦੇ ਆਪੋ ਵਿਚ ਦੀ ਸੰਬੰਧਾਂ ਬਾਰੇ ਰੂਸੀ ਕਮਿਊਨਿਸਟ ਦੇ ਪ੍ਰੋਗਰਾਮ ਵਿਚ, ਅਮਲ ਵਿਚ ਅਤੇ ਕਮਿਊਨਿਸਟ ਰਾਜ ਵਿਚ ਕੀ ਸਮਝ ਤੇ ਕੀ ਰਵਈਯਾ ਹੋਣਾ ਚਾਹੀਦਾ ਹੈ ? ਇਸ ਸਵਾਲ ਨੇ ਬੜੀ ਗੰਭੀਰਤਾ ਅਖਤਿਆਰ ਕੀਤੀ ਅਤੇ ਅੰਤਰਰਾਸ਼ਟਰੀ ਬਹਿਸ ਦਾ ਵਿਸ਼ਾ ਬਣ ਗਿਆ, ਜਿਸ ਵਿਚ ਯੂਰਪ ਦੇ ਸਾਰੇ ਦੇਸ਼ਾਂ ਦੇ ਕਮਿਊਨਿਸਟਾਂ ਨੇ ਹਿੱਸਾ ਲਿਆ। ਲੈਨਨ ਦਾ ਰੋਲ ਇਸ ਵਿਚ ਮੁੱਖ ਸੀ। ਬਹਿਸ ਦਾ ਵਿਸ਼ਾ ਇਹ ਸੀ ਕਿ 'ਰੂਸ ਵਰਗੇ ਬਹੁ ਕੌਮੀ ਦੇਸ਼ ਵਿਚ ਕਮਿਊਨਿਸਟਾਂ ਦੇ ਪ੍ਰੋਗਰਾਮ ਅਤੇ ਉਹਨਾਂ ਦੀ ਹਕੂਮਤ ਵਿਚ ਨਿੱਕੀਆਂ ਕੌਮਾਂ ਨੂੰ ਵੱਡੀਆਂ ਗ਼ਾਲਬ ਕੌਮਾਂ ਤੋਂ ਵੱਖ ਹੋਣ ਅਤੇ ਅਪਣਾ ਵੱਖ ਰਾਜ ਕਾਇਮ ਕਰਨ ਦਾ ਹੱਕ ਹੋਣਾ ਚਾਹੀਦਾ ਹੈ ਕਿ ਨਹੀਂ ? ਮਹਾਨ ਲੈਨਨ ਇਸ ਅੰਤਰ ਰਾਸ਼ਟਰੀ ਬਹਿਸ਼ ਵਿਚ ਅਤੇ ਦੁਨੀਆਂ ਦੇ ਕਮਿਊਨਿਸਟਾਂ ਦੀ ਅਗ-ਵਾਈ ਵਾਸਤੇ ਇਹ ਗੱਲ ਸਥਾਪਤ ਕੀਤੀ ਕਿ ਬਹੁ ਕੌਮੀ ਦੇਸ਼ਾਂ ਵਿਚ ਜੇ ਕੋਈ ਨਿੱਕੀ ਕੌਮ ਵਖ ਹੋਣਾ ਚਾਹੇ ਅਪਣਾ ਵੱਖ ਰਾਜ ਕਾਇਮ ਕਰਨਾ ਚਾਹੇ ਤਾਂ ਉਹਨੂੰ ਇਹ ਕਰਨ ਦਾ ਹੱਕ ਹੋਣਾ ਚਾਹੀਦਾ ਹੈ।' ਉਹ ਦੁਨੀਆਂ ਦੇ ਇਹੋ ਜਿਹੇ ਉਠਦੇ ਮਸਲਿਆਂ ਬਾਰੇ ਕਮਿਊਨਿਸਟਾਂ ਦੀ ਅਗਵਾਈ ਵਾਸਤੇ ਇਕ ਕਿਤਾਬ ਲਿਖ ਕੇ ਛੱਡ ਗਿਆ, ਜਿਸ ਦਾ ਨਾਂ ਹੈ 'ਕੌਮਾਂ ਨੂੰ ਆਤਮਨਿਰਨੇ ਦੇ ਹੱਕ' ਅਤੇ 1947 ਇਹ ਵਿਚ ਛਪੀ।

ਹੁਣ ਜਦੋਂ ਕਿ ਭਾਰਤ ਵਿਚ ਜੋ ਰੂਸ ਵਾਂਗ ਹੀ ਇਕ ਬਹੁ-ਕੌਮੀ ਦੇਸ਼ ਹੈ, ਘੱਟ ਗਿਣਤੀ ਸਿੱਖ ਕੌਮ ਵੱਡੀ ਬਹੁਗਿਣਤੀ ਕੌਮ ਕੋਲੋਂ-ਵੱਡੀ ਕੌਮ ਦੀਆਂ ਮਾੜੀਆਂ ਲੋਟੂ ਨੀਤੀਆਂ ਕਾਰਨ-ਆਤਮ ਨਿਰਨੇ ਦਾ ਹੱਕ ਮੰਗਦੀ ਹੈ, ਤਾਂ ਭਾਰਤ ਸਣੇ ਪੰਜਾਬ ਦੇ ਕਮਿਊਨਿਸਟ ਕਾਮ: ਲੈਨਨ ਦੇ ਦੱਸੇ ਰਾਹ, ਦਿਤੀਆਂ ਹਦਾਇਤਾਂ ਤੇ ਅਗ-ਵਾਈਆਂ ਦੇ ਬਿਲਕੁਲ ਉਲਟ ਚਲ ਰਹੇ ਹਨ। ਉਸ-ਦੀਆਂ ਹਦਾਇਤਾ ਨੂੰ ਪੈਰਾਂ ਵਿਚ ਰੋਲ ਕੇ ਉਲਟ ਲੈਨਨੀ ਸਟੈਂਡ ਲੈਂਦੇ ਹਨ ਹਨ ਅਤੇ ਨਿੱਕੀ ਘਟ ਗਿਣਤੀ ਸਿਖ ਕੌਮ ਦੇ ਹੱਕਾਂ ਨੂੰ ਨਜ਼ਰ-ਅੰਦਾਜ਼ ਕਰਨੇ ਭਾਰਤੀ ਬਹੁ-ਗਿਣਤੀ ਵੱਡੀ ਕੌਮ ਦੀ ਸਰਮਾਏਦਾਰੀ ਦੇ ਹੱਕ ਵਿਚ ਭੁਗਤ ਰਹੇ ਹਨ। ਲੈਨਨਵਾਦ ਨੂੰ ਛੱਡ ਕੇ ਮਨ-ਮਤ-ਵਾਦ ਉਤੇ ਚਲ ਰਹੇ ਹਨ। ਅਸੀ ਇਹਨਾਂ ਨੂੰ ਲੈਨਨ-ਵਾਦ ਦਾ ਸ਼ੀਸ਼ਾ ਵਿਖਾਲਣ ਵਾਸਤੇ ਮਹਾਨ ਲੈਨਨ ਦੀ ਉਸ ਕਿਤਾਬ ਵਿਚੋਂ ਕੁਝ ਅੰਸ਼ ਦੇਂਦੇ ਹਾਂ।

ਕਾਮ. ਲੈਨਨ ਲਿਖਦਾ ਹੈ ਕਿ-"ਇਹ ਪਹਿਲੀ ਵਾਰ ਨਹੀਂ ਕਿ ਰੂਸ ਵਿਚ ਕੌਮੀ ਲਹਿਰਾਂ ਉਠ ਰਹੀਆਂ ਅਤੇ ਨਾ ਹੀ ਇਹ ਨਿਰੀਆਂ ਰੂਸ ਵਿਚ ਹੀ ਉਠ ਰਹੀਆਂ ਹਨ, ਸਗੋਂ ਸਾਰੇ ਸੰਸਾਰ ਵਿਚ ਹੀ। ਜਦੋਂ ਹੀ ਸਰਮਾਏ-ਦਾਰੀ, ਜਗੀਰਦਾਰੀ ਉਤੇ ਜਿੱਤ ਹਾਸਲ ਕਰਦੀ ਹੈ, ਉਹ ਸਾਰਾ ਸਮਾਂ ਹੀ ਕੌਮੀ ਲਹਿਰਾਂ ਦਾ ਹੁੰਦਾ ਹੈ। ਕਾਰਖਾਨੇ-ਦਾਰੀ ਤੇ ਸਰਮਾਏਦਾਰੀ ਦੇ ਪੂਰੇ ਵਿਕਾਸ ਵਾਸਤੇ ਘਰੋਗੀ ਮੰਡੀ ਹਾਸਲ ਕਰਨਾ ਅੱਵਸ਼ਕ ਹੁੰਦਾ ਹੈ ਤੇ ਇਹ ਬੁਨਿ-ਆਦ ਹੈ ਕੌਮੀ ਲਹਿਰਾਂ ਦੀ।"

ਇੰਨ ਬਿੰਨ ਭਾਰਤ ਅਤੇ ਪੰਜਾਬ ਦੀ ਹਾਲਤ ਇਸੇ ਤਰ੍ਹਾਂ ਹੈ। ਭਾਰਤ ਵਿਚ ਵੀ ਸਰਮਾਏਦਾਰੀ ਨੇ ਜਾਗੀਰ-ਦਾਰੀ ਨੂੰ ਖਤਮ ਕੀਤਾ ਹੈ, ਤੇ ਇਹ ਸਮਾਂ ਕੌਮੀ ਲਹਿਰਾਂ ਦਾ ਸਮਾਂ ਹੈ। ਇਸ ਲਈ ਸਿਖ ਕੌਮੀ ਲਹਿਰ ਉਠੀ ਹੈ,

ਜੋ ਕਿ ਪੰਜਾਬ ਵਿਚ ਪੰਜਾਬੀ ਸਰਮਾਏਦਾਰੀ ਤੇ ਕਾਰਖਾਨੇਦਾਰੀ ਦੇ ਵਿਕਾਸ ਵਾਸਤੇ ਪੰਜਾਬੀ ਦੀ ਘਰੋਗੀ ਮੰਡੀ ਵਾਸਤੇ ਆਤਮ ਨਿਰਨੇ ਦਾ ਹੱਕ ਮੰਗ ਰਹੀ ਹੈ। ਜੋ ਕਿ ਲੈਨਨ ਦੇ ਦੱਸੀ ਅਗਵਾਈ ਤੇ ਨਿਰਨੇ ਦੇ ਬਿਲਕੁਲ ਅਨੁਸਾਰੀ ਹੈ।

ਅਗੇ ਕਾਮ: ਲਿਖਦਾ ਹੈ ਕਿ :–ਇਸ ਲਈ ਹਰ ਕੌਮੀ ਲਹਿਰ ਦਾ ਰੁਝਾਨ ਇਕ (ਆਜ਼ਾਦ) ਕੌਮੀ ਰਾਜ ਕਾਇਮ ਕਰਨ ਦਾ ਹੁੰਦਾ ਹੈ, ਕਿਉਂਕਿ (ਆਜ਼ਾਦ) ਕੌਮ ਰਾਜ ਵਿਚ ਹੀ ਉਸ ਕੌਮ ਦੇ ਸਰਮਾਏ ਦੇ ਵਿਕਾਸ ਵਾਸਤੇ ਸਾਰੇ ਲੋੜੀਂਦੇ ਹਾਲਾਤ ਮੌਜੂਦ ਹੋ ਸਕਦੇ ਹਨ। ਅਤੇ ਮਹੱਤਵਪੂਰਨ ਆਰਥਕ ਪਖ ਹੀ ਕਿਸੇ ਕੌਮ ਨੂੰ ਇਸ ਮੰਤਵ ਵਲ (ਆਤਮ ਨਿਰਨੇ ਦੇ ਹੱਕ ਲੈਣ) ਧੱਕ ਸਕਦੇ ਹਨ। ਸਰਮਾਏਦਾਰੀ ਦੌਰ ਵਿਚ ਸਿਰਫ ਪੱਛਮੀ ਯੂਰਪ ਵਿਚ ਹੀ ਨਹੀਂ, ਸਗੋਂ ਸਾਰੇ ਸੰਸਾਰ ਵਿਚ ਹੀ 'ਕੌਮੀ ਰਾਜ' ਇਕ ਖਾਸ ਅਤੇ ਵਿਆਪਕ ਤਥ ਹੈ।" ਇਸ ਨਾਲ ਕਾਮਰੇਡ ਲੈਨਨ ਲਿਖਦਾ ਹੈ, ਕੌਮੀ ਰਾਜ ਜਾਂ ਆਤਮ ਨਿਰਨੇ ਦੀਆਂ ਕੌਮੀ ਲਹਿਰਾਂ ਪਿਛੇ ਜੋ ਮੰਤਵ ਕੰਮ ਕਰਦਾ ਹੈ, ਉਹ ਆਰਥਕ ਮੰਤਵ ਹੁੰਦਾ ਹੈ"

ਇਸੇ ਕਥਨ ਅਨੁਸਾਰ ਪੰਜਾਬ ਵਿਚ ਜੋ ਸਿੱਖਾਂ ਵਲੋਂ ਆਤਮ ਨਿਰਨੇ ਦੀ ਲਹਿਰ ਚਲਾਈ ਜਾ ਰਹੀ ਹੈ, ਇਸੇ ਹੇਠਾਂ ਅਸਲ ਮੋਟਿਵ, ਇਛਾਵਾਂ ਤੇ ਮੰਤਵ ਆਰਥਕ ਤੇ ਸਰਮਾਏਦਾਰੀ ਦੇ ਹਨ। ਪਰ ਇਥੇ ਕਮਿਊਨਿਸਟ ਲੈਨਨ ਦੇ ਰਾਹਵਾਂ ਤੋਂ ਮੂੰਹ ਮੋੜ ਕੇ ਅਤੇ ਪੰਜਾਬੀ ਲੋਕਾਂ ਦੇ ਲਾਭਾਂ ਦੇ ਵਿਰੁਧ ਜਾ ਕੇ ਸਿਖਾਂ ਦੀ ਇਸ ਕੌਮੀ ਆਤਮ ਨਿਰਨੇ ਦੀ ਲਹਿਰ ਨੂੰ ਸਿਖ ਫਿਰਕੂ ਦਹਿਸ਼ਤ-ਵਾਦ ਦੀ ਲਹਿਰ ਗਰਦਾਨਦੇ ਹਨ ਅਤੇ ਸਿੱਧੇ ਤੌਰ ਤੇ ਸੈਂਟਰ ਦੀ ਬਹੁ ਗਿਣਤੀ ਕੌਮ ਦੀ ਸਰਮਾਏਦਾਰੀ ਦੇ ਹੱਥ ਵਿਚ ਖੇਡਦੇ ਹਨ, ਕਿਉਂਕਿ ਸੈਂਟਰ ਪੰਜਾਬ ਨੂੰ ਆਪਣੀ ਮੰਡੀ ਬਣਾ ਕੇ ਰਖਣ ਦੇ ਮਨੋਰਥ ਨਾਲ ਇਸ ਆਤਮ ਨਿਰਨੇ ਦੀ ਲਹਿਰ ਨੂੰ ਕੁਚਲਣ ਵਾਸਤੇ ਇਸ ਨੂੰ ਫਿਰਕੂ ਦਹਿਸ਼ਤਵਾਦ ਲਹਿਰ ਗਰਦਾਨਦਾ ਹੈ।

ਅਗੇ ਕਾਮਰੇਡ ਲੈਨਨ ਲਿਖਦਾ ਹੈ ਕਿ—"ਸਾਨੂੰ ਕਮਿਊਨਿਸਟਾਂ ਨੂੰ ਆਖਿਆ ਜਾਂਦਾ ਹੈ ਕਿ ਕੌਮਾਂ ਦੇ ਆਤਮ ਨਿਰਨੇ ਦੇ ਹੱਕ ਅਤੇ ਉਹਨਾਂ ਦੇ ਵਖਰੇ ਹੋ ਜਾਣ ਦੇ ਹੱਕ ਨੂੰ ਤਸਲੀਮ ਕਰਕੇ ਅਸੀ ਨੱਪੀਆਂ ਹੋਈਆਂ, ਦਾਬੇ ਹੇਠ ਕੌਮਾਂ ਦੀ ਸਰਮਾਏਦਾਰੀ ਦੀ ਹਮਾਇਤ ਕਰਦੇ ਹਾਂ। ਇਸ ਪ੍ਰਤੀ ਸਾਡਾ ਜਵਾਬ ਇਹ ਹੈ ਕਿ ਜਿਥੋਂ ਤੱਕ ਇਕ ਮਜ਼ਲੂਮ ਦਬਾਈ ਹੋਈ ਕੌਮ (Opressed nation) ਦੀ ਸਰਮਾਏਦਾਰੀ ਇਕ ਜ਼ਾਲਮ (Opresser nation) ਵਾਲੀ ਸਰਮਾਏਦਾਰੀ ਦੇ ਵਿਰੁੱਧ ਲੜਦੀ ਹੈ, ਅਸੀਂ (ਕਮਿਊਨਿਸਟ) ਹਮੇਸ਼ਾਂ ਹਰ ਹਾਲਤ ਵਿਚ ਅਤੇ ਸਾਰਿਆਂ ਨਾਲੋਂ ਵਧ ਜ਼ੋਰ ਨਾਲ ਇਸ ਮਜ਼ਲੂਮ ਕੌਮ ਦੀ ਸਰਮਾਏ-ਦਾਰੀ ਦੇ ਹੱਕ ਵਿਚ ਹਾਂ। ਕਿਉਂਕਿ ਅਸੀਂ ਕਮਿਊਨਿਸਟ ਜ਼ੁਲਮ ਅਤੇ ਦਾਬੇ ਦੇ ਸਭ ਤੋਂ ਸੱਚੇ ਸੁੱਚੇ ਅਤੇ ਸਭ ਤੋਂ ਵੱਧ ਸਿਰੜੀ ਦੁਸ਼ਮਨ ਹਾਂ। ਜੇ ਅਸੀਂ ਆਪਣੇ ਪ੍ਰੋਗਰਾਮ [agitation] ਵਿਚ ਕੌਮਾਂ ਦੇ ਆਤਮ ਨਿਰਨੇ ਦੇ ਹੱਕ ਅਤੇ ਵੱਖ ਹੋ ਜਾਣ ਦੇ ਹੱਕ ਦੇ ਨਾਹਰੇ ਨੂੰ ਅੱਗੇ ਨਹੀਂ ਲਿਆਉਂਦੇ ਤਾਂ ਅਸੀਂ ਨਾ ਸਿਰਫ ਦਬਾਉਣ ਵਾਲੀ ਜ਼ਾਲਮ ਵੱਡੀ ਕੌਮ ਦੇ ਹਥਾਂ ਵਿਚ ਖੇਡਾਂਗੇ, ਬਲਕਿ ਰੂਸ ਦੀ ਕਾਲੀਆਂ ਕਰਤੂਤਾਂ ਵਾਲੀ ਪੁਲਸ ਅਤੇ ਫੌਜ ਦੇ ਹਥਾਂ ਵਿਚ ਖੇਡਾਂਗੇ।" ਅਗੇ ਕਾਮਰੇਡ ਲੈਨਨ ਲਿਖਦਾ ਹੈ ਕਿ–"ਕਿਸੇ ਛੋਟੀ ਦਬਾਈ ਹੋਈ ਕੌਮ ਦੀ ਇਕ ਵੱਡੀ ਦਬਾਉਣ ਵਾਲੀ ਕੌਮ ਦੀ ਸਰਮਾਏਦਾਰੀ ਦੇ ਵਿਰੁਧ ਕੌਮੀ ਆਤਮ ਨਿਰਨੇ ਦੀ ਲੜਾਈ ਆਪਣੇ ਵਿਚ ਇਕ ਜਮਹੂਰੀ ਤੱਤ ਰਖਦੀ ਹੈ ਜਿਹੜਾ ਕਿ ਦਬਾਉਣ ਵਾਲੀ ਕੌਮ ਦੀ ਸਰਮਾਏਦਾਰੀ ਵਿਰੁਧ ਸੇਧਿਆ ਹੁੰਦਾ ਹੈ। ਅਸੀਂ ਕਮਿਊਨਿਸਟ ਇਸ ਜਮਹੂਰੀ ਤੱਤ ਦੀ ਬਿਨਾਂ ਸ਼ਰਤ ਹਮਾਇਤ ਕਰਦੇ ਹਾਂ। ਇਹੋ ਇਕੋ ਨੀਤੀ ਹੈ, ਜਿਹੜੀ ਕਿ ਅਮਲੀ ਹੈ, ਅਸੂਲਾਂ ਉਤੇ ਅਧਾਰਤ ਹੈ ਅਤੇ ਹਕੀਕੀ ਤੌਰ ਜਮਹੂਰੀਅਤ ਨੂੰ ਆਜ਼ਾਦੀ ਅਤੇ ਅਤੇ ਮਜ਼ਦੂਰ ਏਕਤਾ ਨੂੰ ਵਿਕਾਸ ਦੇਂਦੀ ਹੈ।

ਮਹਾਨ ਲੈਨਨ ਦੇ ਇਸੇ ਕਥਨ ਅਨੁਸਾਰ ਅਜ ਸੈਂਟਰ ਦੀ ਬਹੁਗਿਣਤੀ ਵੱਡੀ ਕੌਮ ਦੀ ਸਰਮਾਏਦਾਰੀ ਨੇ ਪੰਜਾਬ ਦੀ ਘੱਟ ਗਿਣਤੀ ਸਿੱਖ ਕੌਮ ਦੀ ਸਰਮਾਏਦਾਰੀ ਨੂੰ ਨੱਪਿਆ ਹੋਇਆ ਹੈ, ਪੰਜਾਬ ਨੂੰ ਸਿੱਖ ਕੌਮ ਨੂੰ ਆਪਣੇ ਕੱਚੇ ਪੱਕੇ ਮਾਲ ਦੀ ਮੰਡੀ ਬਣਾਇਆ ਹੋਇਆ ਹੈ। ਇਹ ਸਿਖ ਸਰਮਾਏਦਾਰੀ ਸੈਂਟਰ ਦੀ ਸਰਮਾਏਦਾਰੀ ਗ਼ਲਬਾ ਖ਼ਤਮ ਕਰਨਾ ਚਾਹੁੰਦੀ ਹੈ, ਆਪਣੀ ਪੰਜਾਬੀ ਸਰਮਾਏਦਾਰੀ ਦੇ ਵਿਕਾਸ ਵਾਸਤੇ। ਇਸ ਲੈਨਨ ਦੇ ਕਥਨ ਅਨੁਸਾਰ ਜਿਨ੍ਹਾਂ ਕੌਮੀ ਆਤਮ ਨਿਰਨੇ ਦੇ ਸੰਘਰਸ਼ਾਂ ਵਿਚ ਕੌਮੀ ਤੱਤ ਹੁੰਦਾ ਹੈ, ਅਤੇ ਇਸ ਸਿਖਾਂ ਦੇ ਕੌਮੀ ਸੰਘਰਸ਼ ਵਿਚ ਵੀ ਜਮਹੂਰੀ ਤੱਤ ਹੈ, ਜਿਹੜਾ ਕਿ ਸੈਂਟਰ ਦੀ ਦਾਬੂ ਸਰਮਾਏਦਾਰੀ ਦੇ ਵਿਰੁਧ ਸੇਧਿਆ ਹੋਇਆ ਹੈ। ਕਾਮ: ਲੈਨਨ ਨੇ ਆਖਿਆ ਕਿ ਐਸੇ ਕੌਮੀ ਸੰਘਰਸ਼ ਨੂੰ ਕਮਿਊਨਿਸਟਾਂ ਨੂੰ ਬਿਨਾਂ ਸ਼ਰਤ ਸਮਰਥਨ ਦੇਣਾ ਚਾਹੀਦਾ ਹੈ। ਇਹ ਲੈਨਨਵਾਦ ਹੈ। ਪਰ ਕਮਿਊਨਿਸਟ ਇਸ ਦੇ ਉਲਟ ਜਾ ਰਹੇ ਹਨ। ਅਤੇ ਲੈਨਨ ਦੇ ਕਥਨ ਅਨੁ-ਸਾਰ ਸੈਂਟਰ ਦੀ ਦਾਬੂ ਸਰਮਾਏਦਾਰੀ ਦੇ ਹਥ ਵਿਚ ਖੇਡ ਰਹੇ ਹਨ, ਜੋ ਕਿ ਲੈਨਨ ਅਨੁਸਾਰ ਏਜੈਂਟੀ ਹੈ।

**ਪਾਲ ਸਿੰਘ ਐਡੀਟਰ ਪੰਜਾਬੀ ਕੌਮ**

Regd. with the Registrar News papersVide No. MA/12397-D dated 18.4.80
Post Office No. P/AR—1:3

ਪੰਜਾਬ ਲੋਕ ਸਭਿਆਚਾਰਕ ਮੰਚ ਦਾ ਵਾਰਸ਼ਕ ਮੇਲਾ

**24 ਜਨਵਰੀ, ਸ਼ਨੀਵਾਰ ਦੁਪਹਿਰ ਦੋ ਵਜੇ ਤੋਂ ਲੈਕੇ 25 ਜਨਵਰੀ ਐਤਵਾਰ ਸਵੇਰੇ 6 ਵਜੇ ਤਕ**

ਦੇਸ਼ ਭਗਤ ਹਾਲ, ਜਲੰਧਰ ਹੋ ਰਿਹਾ ਹੈ।

ਪਹਿਲਾ ਸੈਸ਼ਨ 24 ਜਨਵਰੀ 2–5 ਵਜੇ
ਗੀਤ, ਸਮੂਹ ਗੀਤ ਅਤੇ ਕਵਿਤਾ ਪਾਠ

ਦੂਜਾ ਸੈਸ਼ਨ ਸ਼ਾਮ 6 ਵਜੇ ਤੋਂ ਸ਼ੁਰੂ ਹੋਵੇਗਾ।
ਜਿਸ ਵਿਚ ਸੱਤ ਨਾਟਕ, ਕਾਵਿ ਨਾਟ,
ਐਕਸ਼ਨ ਗੀਤ ਅਤੇ ਸਮੂਹ ਗੀਤ ਹੋਣਗੇ।

**ਸਾਰਿਆਂ ਲਈ ਖੁਲ੍ਹਾ ਸੱਦਾ ਹੈ।**

ਸਬਜਿੰਦਰ ਕੇਦਾਰ
ਜ. ਸਕਤ੍ਰ, ਪਲਸ ਮੰਚ

ਗੁਰਸ਼ਰਨ ਸਿੰਘ
ਪ੍ਰਧਾਨ, ਪਲਸ ਮੰਚ

---

ਇਨਕਲਾਬੀ ਏਕਤਾ ਕੇਂਦਰ ਪੰਜਾਬ ਵਲੋਂ ਪਾਲਿਸੀ ਪ੍ਰੋਗਰਾਮ
ਰੀਲੀਜ਼ ਕਰਨ ਦਾ ਸਮਾਗਮ

**24 ਜਨਵਰੀ ਦਿਨੇ 11 ਵਜੇ ਤੋਂ ਇਕ ਵਜੇ ਦੁਪਹਿਰ ਤਕ**
**ਦੇਸ਼ ਭਗਤ ਹਾਲ ਜਲੰਧਰ ਦੇ ਖੁਲ੍ਹੇ ਮੈਦਾਨ ਵਿਚ ਕੀਤਾ ਜਾਵੇਗਾ।**

o ਕੇਂਦਰ ਦੇ ਬੁਲਾਰੇ, ਜਿਥੇ ਪਾਲਿਸੀ ਪ੍ਰੋਗਰਾਮ ਤੇ ਰੋਸ਼ਨੀ ਪਾਉਣਗੇ, ਉਥੇ ਦਸਣਗੇ ਕਿ ਕਿਸ ਤਰ੍ਹਾਂ ਆਉਣ ਵਾਲੇ ਸਮੇਂ ਵਿਚ ਕੇਂਦਰ ਦੀ ਅਗਵਾਈ ਵਿਚ ਪੰਜਾਬ ਨੂੰ ਦਰਪੇਸ਼ ਮੱਸਲਿਆਂ ਦੇ ਹੱਲ ਲਈ ਜਮਹੂਰੀ ਲਾਮਬੰਦੀ ਕੀਤੀ ਜਾਏਗੀ।

o ਫਰਵਰੀ ਦੇ ਤੀਜੇ ਹਫਤੇ ਦਿੱਲੀ ਵਿਚ ਇਕ ਮਾਰਚ ਕੀਤਾ ਜਾਵੇਗਾ ਜਿਹੜਾ ਪੰਜਾਬ ਦੀ ਜਮਹੂਰੀ ਅਤੇ ਸੈਕੂਲਰ ਆਵਾਜ਼ ਦੀ ਪਹਿਚਾਣ ਭਾਰਤ ਦੇ ਬਾਕੀ ਲੋਕਾਂ ਨੂੰ ਕਰਵਾਏਗਾ। ਵੱਖ ਵੱਖ ਥਾਂ ਤੇ ਰੈਲੀਆਂ ਕਰਕੇ ਇਹ ਸਿੱਧ ਕੀਤਾ ਜਾਏਗਾ ਕਿ ਪੰਜਾਬ ਨੂੰ ਫਿਰਕੂ ਜ਼ਹਿਰ ਤੋਂ ਜੇਕਰ ਬਚਾਇਆ ਹੈ ਤਾਂ ਉਹ ਜਮਹੂਰੀ ਅਤੇ ਸੈਕੂਲਰ ਸਕਤੀਆਂ ਹੀ ਹਨ ਜਿਨ੍ਹਾਂ ਨੇ ਇਸ ਮਸਲੇ ਵਿਚ ਲਾਮਬੰਦੀ ਕੀਤੀ। ਹਕੂਮਤ ਦੇ ਜਬਰ ਨੇ ਸਗੋਂ ਇਸ ਜ਼ਹਿਰ ਨੂੰ ਵਧਾਉਣ ਵਿਚ ਪੂਰਾ ਹਿੱਸਾ ਪਾਇਆ ਹੈ। ਪੰਜਾਬ ਦੀ ਜਮਹੂਰੀ ਅਤੇ ਸੈਕੂਲਰ ਆਵਾਜ਼ ਭਾਰਤ ਦੇ ਜਮਹੂਰੀਅਤ ਪਸੰਦ ਲੋਕਾਂ ਕੋਲੋਂ ਮੰਗ ਕਰੇਗੀ ਕਿ ਉਹ ਪੰਜਾਬ ਦੇ ਮੱਸਲੇ ਦੇ ਜਮਹੂਰੀ ਹੱਲ ਲਈ ਆਵਾਜ਼ ਉਠਾਉਣ ਤੇ ਸਰਕਾਰ ਦੇ ਉਸ ਦੱਮਨ ਦੀ ਵਿਰੋਧਤਾ ਕਰਨ, ਜਿਸ ਰਾਹੀਂ 'ਅਤਿਵਾਦ ਦੇ ਖਾਤਮੇ ਦੇ ਪੱਜ ਲੋਕਾਂ ਦੇ ਜੀਣ ਦਾ ਜਮਹੂਰੀ ਹੱਕ ਖੋਹਿਆ ਜਾ ਰਿਹਾ ਹੈ।

o 16 ਮਾਰਚ ਤੋਂ 23 ਮਾਰਚ ਪੰਜਾਬ ਭਰ ਵਿਚ ਇਨਕਲਾਬੀ ਮਾਰਚ ਜਥੇਬੰਦ ਕੀਤੇ ਜਾਣਗੇ। ਵੱਖ ਵੱਖ ਥਾਵਾਂ ਤੇ ਰੈਲੀਆਂ ਕਰਕੇ ਲੋਕਾਂ ਵਿਚ ਇਨਕਲਾਬੀ ਸਿਆਸਤ ਦਾ ਪਰਚਾਰ ਕੀਤਾ ਜਾਏਗਾ ਤੇ ਉਹਨਾਂ ਕੋਲੋਂ ਇਨਕਲਾਬੀ ਏਕਤਾ ਕੇਂਦਰ ਪੰਜਾਬ ਨੂੰ ਸ਼ਕਤੀਸਾਲੀ ਕੇਂਦਰ ਬਨਾਉਣ ਲਈ ਸਹਿਯੋਗ ਮੰਗਿਆ ਜਾਏਗਾ। 23 ਮਾਰਚ ਹੁਸੈਨੀਵਾਲਾ ਵਿਖੇ ਇਕ ਵਡੀ ਕਾਨਫਰੰਸ ਵਿਚ ਇਹਨਾਂ ਇਨਕਲਾਬੀ ਮਾਰਚਾਂ ਦੀ ਸਮਾਪਤੀ ਹੋਵੇਗੀ।

**ਨੋਟ :** 24 ਮਾਰਚ ਦੁਪਹਿਰ 1 ਵਜੇ ਦੇਸ਼ ਭਗਤ ਹਾਲ ਤੋਂ ਜ਼ਿਲਾ ਕਚਹਿਰੀ ਤਕ ਸਰਕਾਰ ਦੀਆਂ ਲੋਕਮਾਰੂ ਨੀਤੀਆਂ ਵਿਰੁੱਧ ਇਕ ਰੋਹ ਭਰਿਆ ਮੁਜ਼ਾਹਰਾ ਕੀਤਾ ਜਾਏਗਾ। ਸਾਰਿਆਂ ਨੂੰ ਆਉਣ ਲਈ ਸੱਦਾ ਹੈ।

ਗੁਰਸ਼ਰਨ ਸਿੰਘ ਕਨਵੀਨਰ